# ਹੀਰੋ ਗੇਮ ਦੇ ਨਿਰਦੇਸ਼

ਇਸ ਗੇਮ ਨੂੰ ਖੇਡਕੇ ਤੁਹਾਡੇ ਵਿਦਿਆਰਥੀ ਇਹ ਜਾਣ ਸਕਦੇ ਹਨ ਕਿ ਰੱਬੀ ਗੁਣਾਂ ਨੂੰ ਆਪਣੀ ਜ਼ਿੰਦਗੀ ਦੇ ਅਸਲੀ ਹਾਲਾਤਾਂ ਨਾਲ ਕਿਵੇਂ ਜੋੜਨਾ ਹੈ। ਅਸੀਂ ਤੁਹਾਨੂੰ ਇਹ ਸਲਾਹ ਦਿੰਦੇ ਹਾਂ ਕਿ ਤੁਸੀਂ ਇਹਨਾਂ ਕਾਰਡਾਂ ਨੂੰ ਹਾਜ਼ਰੀ ਦੇ ਇਨਾਮਾਂ ਲਈ ਵਰਤੋ, ਬੱਚਿਆਂ ਨੂੰ ਹਰ ਹਫਤੇ ਆਉਣ ਲਈ ਕਹੋ ਤੇ ਕਾਰਡ ਇਕੱਠੇ ਕਰਨ ਲਈ ਕਹੋ ਤਾਂ ਜੋ ਉਹ ਇੱਕ ਦੂਜੇ ਨਾਲ ਗੇਮ ਖੇਡ ਸਕਣ।

## ਨਿਰਦੇਸ਼:

ਹਰ ਬੱਚੇ ਨੂੰ ਉਹਨਾਂ ਦੇ ਹੀਰੋ ਤੇ ਸਪੈਸ਼ੈਲਟੀ ਕਾਰਡ ਦਿਓ ਜੋ ਉਹਨਾਂ ਨੇ ਹਰ ਹਫ਼ਤੇ ਕਲਾਸ 'ਚ ਹਾਜਰੀ ਲਾਕੇ ਕਮਾਏ ਹਨ। ਅਸੀਂ ਤੁਹਾਨੂੰ ਇਹ ਸਲਾਹ ਦਿੰਦੇ ਹਾਂ ਕਿ ਤੁਸੀਂ ਕਾਰਡਾਂ ਦੇ ਪਿੱਛੇ ਉਸ ਵਿਦਿਆਰਥੀ ਦਾ ਨਾਂ ਲਿਖੋ ਜੋ ਉਹਨਾਂ ਦੇ ਹਿੱਸੇ ਆਉਂਦੇ ਹਨ। ਗੇਮ ਖੇਡਣ ਲਈ, ਬੱਚੇ ਜੋੜੀਆਂ ਬਣਾ ਲੈਂਦੇ ਹਨ। ਫਿਰ ਗੇਮ ਦੇ ਹਰ ਰਾਊਂਡ ਲਈ, ਇਹ ਕਰਦੇ ਹਨ:

- ਦਿੱਤੇ ਗਏ ਹਾਲਾਤਾਂ / ਸਵਾਲਾਂ ਵਿੱਚੋਂ ਅਧਿਆਪਕ ਕਿਸੇ ਇੱਕ ਨੂੰ ਪੜ੍ਹਦਾ ਹੈ, ਪਰ ਉਹ ਇਹ ਨਹੀਂ ਦੱਸਦਾ ਕਿ ਉਸ ਹਾਲਾਤ ਲਈ ਕਿਹੜੇ ਗੁਣ ਦੀ ਲੋੜ ਹੈ।
- ਉਸ ਹਾਲਾਤ ਵਿੱਚ ਖਿਡਾਰੀ ਨੂੰ ਜਿਸ ਗੁਣ ਦੀ ਲੋੜ ਲੱਗਦੀ ਹੈ ਉਹ ਉਸਦਾ ਅੰਦਾਜ਼ਾ ਲਗਾਉਂਦਾ ਹੈ ਅਤੇ ਆਪਣੇ ਹੀਰੋਆਂ ਵਿੱਚੋਂ ਜਿਸ ਹੀਰੋ ਦੇ ਸਭ ਤੋਂ ਜਿਆਦਾ ਪੁਆਇੰਟ ਹੁੰਦੇ ਹਨ, ਉਸਨੂੰ ਲੱਭਦਾ ਹੈ। ਖਿਡਾਰੀ ਉਹਨਾਂ ਦੀ ਜਿੱਤਣ 'ਚ ਮਦਦ ਕਰਨ ਲਈ ਆਪਸ਼ਨਲ ਸਪੈਸ਼ੈਲਟੀ ਕਾਰਡ ਵੀ ਚੁਣ ਸਕਦਾ ਹੈ।
- ਇੱਕ ਵਾਰ ਜਦੋਂ ਹਰ ਵਿਰੋਧੀ ਇੱਕ ਹੀਰੋ ਤੇ ਇੱਕ ਸਪੈਸ਼ੈਲਟੀ ਕਾਰਡ ਦੇ ਸੁਮੇਲ ਨਾਲ ਤਿਆਰ ਹੋ ਜਾਂਦਾ ਹੈ ਜਿਸਦਾ ਉਸਨੂੰ ਵਿਸ਼ਵਾਸ ਹੁੰਦਾ ਹੈ ਕਿ ਉਸਦੇ ਕਾਰਡਾਂ ਦਾ ਸੁਮੇਲ ਜਿੱਤ ਜਾਵੇਗਾ, ਤਾਂ ਤਿੰਨ ਦੀ ਗਿਣਤੀ 'ਤੇ ਉਸੇ ਸਮੇਂ ਉਹ ਉਹਨਾਂ ਕਾਰਡਾਂ ਨੂੰ ਮੇਜ਼ ਦੇ ਵਿਚਕਾਰ ਸਿੱਧੇ ਮੂੰਹ ਪੇਸ਼ ਕਰ ਦਿੰਦਾ ਹੈ। ਸੂਚਨਾ: ਪਹਿਲੇ ਕੁਝ ਰਾਊਂਡ ਤੁਸੀਂ ਖੇਡੋ, ਬੱਚਿਆਂ ਨੂੰ ਸੋਚਣ ਦਾ ਥੋੜ੍ਹਾ ਜਿਆਦਾ ਸਮਾਂ ਦਿਓ ਤਾਂ ਜੋ ਉਹ ਇਹ ਸਮਝ ਸਕਣ ਕਿ ਖੇਡਣਾ ਕਿਵੇਂ ਹੈ। ਉਸਤੋਂ ਬਾਅਦ, ਇਸਨੂੰ ਹੋਰ ਰੋਮਾਂਚਕ ਬਣਾਉਣ ਲਈ ਉਹਨਾਂ ਨੂੰ ਜਲਦੀ ਫ਼ੈਸਲਾ ਕਰਨ ਲਈ ਕਹੋ।
- ਹੀਰੋ ਕਾਰਡ ਤੇ ਸਪੈਸ਼ੈਲਟੀ ਕਾਰਡ ਦੇ ਪੁਆਇੰਟ ਗਿਣਨ ਤੋਂ ਬਾਅਦ ਜਿਹੜੇ ਖਿਡਾਰੀ ਕੋਲ ਸਹੀ ਗੁਣ ਵਿੱਚ ਸਭ ਤੋਂ ਜਿਆਦਾ ਪੁਆਇੰਟ ਹੋ ਜਾਂਦੇ ਹਨ, ਉਹ ਇਹ ਰਾਊਂਡ ਜਿੱਤ ਜਾਂਦਾ ਹੈ। ਸਕੋਰ ਰੱਖਦੇ ਜਾਓ, ਤੇ ਨਾਲ-ਨਾਲ ਇਹ ਵੀ ਗਿਣਦੇ ਜਾਓ ਕਿ ਹਰੇਕ ਬੱਚਾ ਕਿੰਨੇ ਰਾਊਂਡ ਜਿੱਤਦਾ ਜਾਂਦਾ ਹੈ।
- ਗੇਮ ਵਿੱਚ ਹਰ ਕਾਰਡ ਨਾਲ ਸਿਰਫ਼ ਇੱਕ ਵਾਰ ਹੀ ਖੇਡਿਆ ਜਾ ਸਕਦਾ ਹੈ। ਹਰ ਰਾਊਂਡ ਤੋਂ ਬਾਅਦ, ਜਿਹੜੇ ਕਾਰਡਾਂ ਨਾਲ ਖਿਡਾਰੀ ਖੇਡ ਚੁੱਕਿਆ ਹੁੰਦਾ ਹੈ ਉਹ ਉਹਨਾਂ ਨੂੰ ਪੁੱਠਾ ਕਰਕੇ ਰੱਖ ਦਿੰਦਾ ਹੈ।
- ਉਨਾ ਸਮਾਂ ਹੋਰ ਰਾਊਂਡ ਖੇਡੋ ਜਦੋਂ ਤੱਕ ਕਿ ਕਾਰਡ ਮੁੱਕ ਨਾ ਜਾਣ।

ਜਿਹੜਾ ਖਿਡਾਰੀ ਸਭ ਤੋਂ ਜਿਆਦਾ ਰਾਊਂਡ ਜਿੱਤਿਆ ਉਹੀ ਵਿਜੇਤਾ ਹੈ। ਬੱਚਿਆਂ ਨੂੰ ਆਪਣਾ ਵਿਰੋਧੀ ਬਦਲਣ ਦਿਓ ਤੇ ਉਹਨਾਂ ਨੂੰ ਫਿਰ ਤੋਂ ਖੇਡਣ ਦਿਓ।

## ਯੂਨਿਟ 1 ਕਾਰਡ

- ਰਚਨਾ
- ਏਬਲ
- ਬਾਈਬਲ (ਪੈਂਟਾਟਿਚ)
- ਨੂਆ
- ਅਬਰਾਹਮ
- ਆਈਜ਼ੈਕ
- ਜੈਕੋਬ
- ਜੋਸੇਫ਼
- ਮੋਸੇਜ਼
- ਬਾਈਬਲ (ਇਤਿਹਾਸਿਕ ਕਿਤਾਬਾਂ)
- ਪ੍ਰਮਾਤਮਾ ਦੀ ਤਲਵਾਰ
- ਜੋਸ਼ੁਆ
- ਲੁਕਿਆ ਹੋਇਆ ਸੋਨਾ



## ਹੀਰੋ ਕਾਰਡ:

ਕਾਰਡ ਦੋ ਤਰ੍ਹਾਂ ਦੇ ਹੁੰਦੇ ਹਨ: ਹੀਰੋ ਕਾਰਡ ਤੇ ਸਪੈਸ਼ੈਲਟੀ ਕਾਰਡ। ਹਰ ਹੀਰੋ ਕਾਰਡ ਬਾਈਬਲ ਦੇ ਇੱਕ ਵਿਅਕਤੀ ਨੂੰ ਦਰਸ਼ਾਉਂਦਾ ਹੈ ਜਿਸਦੇ ਹੇਠ ਲਿਖੇ ਗੁਣਾਂ ਦੇ ਵੱਖ-ਵੱਖ ਪੁਆਇੰਟ ਫਿਕਸ ਕੀਤੇ ਹੁੰਦੇ ਹਨ: ਤਾਕਤ, ਇਮਾਨਦਾਰੀ, ਆਗਿਆਕਾਰੀ, ਨਿਮਰਤਾ, ਦਿਲ ਅਤੇ ਵਿਸ਼ਵਾਸ।




ਲੇਖ ਦੇ ਹਰ ਹੀਰੋ ਨੂੰ ਇਹਨਾਂ ਗੁਣਾਂ ਦੇ ਆਧਾਰ ਤੇ 100 ਪੁਆਇੰਟ ਤੱਕ ਦਿੱਤੇ ਗਏ ਹਨ ਜੋ ਉਹਨਾਂ ਦੀ ਜ਼ਿੰਦਗੀ ਦੇਹਿਸਾਬ ਨਾਲ ਦਿੱਤੇ ਜਾਂਦੇ ਹਨ। ਜੇ ਕਿਸੇ ਹੀਰੋ ਨੂੰ ਕਿਸੇ ਖ਼ਾਸ ਖੇਤਰ ਵਿੱਚ ਆਪਣੇ ਆਪ ਨੂੰ ਸਾਬਤ ਕਰਨ ਦਾ ਮੌਕਾ ਨਹੀਂ ਮਿਲਿਆ, ਤਾਂ ਉਸ ਖੇਤਰ ਵਿੱਚ ਉਸ ਨੂੰ ਕੋਈ ਪੁਆਇੰਟ ਨਹੀਂ ਮਿਲੇਗਾ। ਇੱਕੋ ਹੀ ਵਿਸ਼ੇਸ਼ਤਾ ਲਈ ਕਿਸੀ ਵੀ ਦੋ ਹੀਰੋਆਂ ਨੂੰ ਇੱਕੋ ਜਿਹੇ ਅੰਕ ਨਹੀਂ ਮਿਲਣਗੇ। ਜੇ ਕਿਸੇ ਹੀਰੋ ਨੇ ਕਿਸੇ ਖ਼ਾਸ ਖੇਤਰ ਵਿੱਚ ਕਮਜ਼ੋਰੀ ਦਿਖਾਈ ਹੈ ਅਤੇ ਉਸ ਦੇ ਵਿਰੋਧੀ ਨੇ ਉਸ ਖੇਤਰ ਵਿੱਚ ਕਦੇ ਕਮਜ਼ੋਰੀ ਨਹੀਂ ਦਿਖਾਈ, ਤਾਂ ਕਮਜ਼ੋਰੀ ਦਿਖਾਉਣ ਵਾਲੇ ਹੀਰੋ ਨੂੰ ਘੱਟ ਪੁਆਇੰਟ ਮਿਲਣਗੇ।

ਉਦਾਹਰਣ: ਕਿਉਂਕਿ ਏਬਲ ਦੀ ਜ਼ਿੰਦਗੀ 'ਚ ਸਾਨੂੰ ਜ਼ਿਆਦਾ ਵਿਸ਼ਵਾਸ ਦੇਖਣ ਨੂੰ ਨਹੀਂ ਮਿਲਦਾ, ਇਸ ਲਈ ਉਸਨੂੰ ਵਿਸ਼ਵਾਸ ਦੇ ਨਾਮ ਤੇ ਸਿਰਫ਼ 50 ਅੰਕ ਮਿਲਣਗੇ। ਕਿਉਂਕਿ ਉਸ ਦੀ ਮੌਤ ਕਾਫ਼ੀ ਜਲਦੀ ਹੋ ਗਈ ਸੀ, ਇਸ ਲਈ ਉਸਨੂੰ ਸ਼ਕਤੀ ਦੇ ਨਾਮ ਤੇ ਸਿਰਫ਼ 1 ਅੰਕ ਮਿਲੇਗਾ। ਉਸ ਨੂੰ ਦਿਲ ਲਈ 90 ਅੰਕ ਮਿਲਦੇ ਹਨ, ਕਿਉਂਕਿ ਉਸਨੇ ਪ੍ਰਮਾਤਮਾ ਨੂੰ ਉਹੀ ਦਿੱਤਾ ਜੋ ਅਸਲ 'ਚ ਪ੍ਰਮਾਤਮਾ ਨੇ ਚਾਹਿਆ ਤੇ ਉਸਨੇ ਪ੍ਰਮਾਤਮਾ ਲਈ ਆਪਣਾ ਪਿਆਰ ਵਿਖਾਇਆ। ਅਬਰਾਹਮ ਨੇ ਇਮਾਨਦਾਰੀ ਦੇ ਪੁਆਇੰਟ ਗਵਾ ਦਿੱਤੇ ਕਿਉਂਕਿ ਉਸਨੇ ਆਪਣੀ ਪਤਨੀ ਨੂੰ ਆਪਣੀ ਭੈਣ ਕਿਹਾ। ਨੂਆ ਦਿਲ ਦੇ ਪੁਆਇੰਟ ਗਵਾ ਦਿੰਦਾ ਹੈ ਕਿਉਂਕਿ ਇਹ ਦੇਖਣ ਨੂੰ ਨਹੀਂ ਮਿਲਿਆ ਕਿ ਉਸਨੇ ਹਜ਼ਾਰਾਂ ਲੋਕਾਂ ਦੀ ਜਾਨ ਬਚਾਉਣ ਲਈ ਕੋਈ ਹਮਦਰਦੀ ਦਿਖਾਈ ਹੋਵੇ ਜੋ ਹੜ੍ਹ 'ਚ ਡੁੱਬਣ ਵਾਲੇ ਸਨ ਜਾਂ ਉਹਨਾਂ ਨੂੰ ਬਚਾਉਣ ਦੀ ਹੀ ਕੋਈ ਕੋਸ਼ਿਸ਼ ਕੀਤੀ ਹੋਵੇ। ਮੋਸੇਜ਼ ਨੂੰ ਨਿਮਰਤਾ ਲਈ 100 ਨੰਬਰ ਮਿਲਣਗੇ ਕਿਉਂਕਿ ਬਾਈਬਲ ਦੇ ਅਨੁਸਾਰ ਉਹ ਅੱਜ ਤੱਕ ਦਾ ਸਭ ਤੋਂ ਨਿਮਰ ਵਿਅਕਤੀ ਸੀ। ਜੋਸੇਫ਼ ਨੂੰ ਨਿਮਰਤਾ ਲਈ ਕੋਈ ਨੰਬਰ ਨਹੀਂ ਮਿਲਣਗੇ ਕਿਉਂਕਿ ਉਸਨੇ ਆਪਣੇ ਭਰਾਵਾਂ ਨੂੰ ਦੱਸਿਆ ਸੀ ਕਿ ਰੱਬ ਨੇ ਉਸਨੂੰ ਇਕ ਅਜਿਹੀ ਚੀਜ਼ ਦਿੱਤੀ ਹੈ ਜਿਸਦੀ ਉਸਨੂੰ ਜ਼ਰੂਰਤ ਹੀ ਨਹੀਂ ਹੈ ਅਤੇ ਅਸੀਂ ਇਹ ਵੀ ਦੇਖਿਆ ਕਿ ਜਦੋਂ ਉਹ ਪ੍ਰਧਾਨ ਮੰਤਰੀ ਬਣਿਆ ਤਾਂ ਉਸ ਸਮੇਂ ਵੀ ਉਸ ਕੋਲ ਨਿਮਰਤਾ ਨਾਮ ਦੀ ਕੋਈ ਚੀਜ਼ ਨਹੀਂ ਸੀ। ਅਬਰਾਹਮ ਨੂੰ ਆਗਿਆਕਾਰੀ ਹੋਣ ਕਰਕੇ 97 ਨੰਬਰ ਮਿਲਣਗੇ ਕਿਉਂਕਿ ਉਸਨੇ ਰੱਬ ਦੀ ਸੇਵਾ ਕਰਨ ਲਈ ਆਪਣਾ ਘਰ ਤੱਕ ਛੱਡ ਦਿੱਤਾ ਅਤੇ ਸੋਡੋਮ ਅਤੇ ਗੋਮੋਰਾਹ ਨੂੰ ਛੱਡਕੇ ਅਨੁਸ਼ਾਸ਼ਨ ਦਾ ਪਾਲਣ ਕੀਤਾ। ਪਰ ਉਸਨੂੰ 100 ਨੰਬਰ ਨਹੀਂ ਮਿਲੇ ਕਿਉਂਕਿ ਨੂਆ ਮਹਾਨ ਕਿਸ਼ਤੀ ਬਣਾਉਣ ਵਿੱਚ ਹੋਰ ਵੀ ਜਿਆਦਾ ਆਗਿਆਕਾਰ ਦਿਖਾਈ ਦਿੱਤਾ, ਮੀਂਹ ਦੀ ਕੋਈ ਆਸ ਨਾ ਦਿਖਦੇ ਹੋਏ ਵੀ ਉਹ 100 ਸਾਲਾਂ ਤੱਕ ਕੰਮ ਕਰਦਾ ਰਿਹਾ।

## ਸਪੈਸ਼ੈਲਟੀ ਕਾਰਡ:

ਸਪੈਸ਼ੈਲਟੀ ਕਾਰਡ ਉਹ ਕਾਰਡ ਹੁੰਦੇ ਹਨ ਜੋ ਕਿ ਖੇਡ ਦੇ ਸਮੇਂ ਕਾਰਡਾਂ ਦੀ ਕੀਮਤ ਬਦਲ ਦਿੰਦੇ ਹਨ। ਇਹਨਾਂ ਦੀ ਮਦਦ ਨਾਲ ਤੁਸੀਂ ਓਦੋਂ ਵੀ ਜਿੱਤ ਸਕਦੇ ਹੋ ਜਦੋਂ ਤੁਹਾਡੇ ਵਿਰੋਧੀ ਨੇ ਵੀ ਓਹੀ ਹੀਰੋ ਚੁਣਿਆ ਹੋਵੇ।

- ਬਾਈਬਲ: ਤੁਹਾਡੇ ਦੁਆਰਾ ਚੁਣੇ ਗਏ ਗੁਣ ਦੇ ਸਕੋਰ ਨੂੰ ਨਿਰਧਾਰਿਤ ਕੀਤੇ ਨੰਬਰਾਂ ਨਾਲ ਵਧਾ ਦਿੰਦੀ ਹੈ। ਬਾਈਬਲ ਦੇ ਜਿਸ ਹਿੱਸੇ ਵਿੱਚ ਹੀਰੋ ਮਿਲਿਆ ਹੈ, ਉਸ ਹਿੱਸੇ ਨੂੰ ਵਰਤਣਾ ਨਾ ਭੁੱਲਿਓ।
- ਲੁਕਿਆ ਹੋਇਆ ਸੋਨਾ: ਆਪਣੇ ਵਿਰੋਧੀ ਦੇ ਹੀਰੋ ਦੇ 10 ਨੰਬਰ ਕੱਟ ਲਓ।
- ਪ੍ਰਾਰਥਨਾ: ਆਪਣੇ ਹੀਰੋ ਦੇ ਵਿਸ਼ਵਾਸ ਵਿੱਚ 10 ਨੰਬਰ ਜੋੜ ਦਿਓ।
- ਵਾਚਾ ਦਾ ਸੰਦੂਕ: ਆਪਣੇ ਵਿਰੋਧੀ ਦੀ ਤਾਕਤ ਨੂੰ 0 'ਤੇ ਖ਼ਤਮ ਕਰ ਦਿਓ।
- ਡਿੱਗਿਆ ਹੋਇਆ ਦਰਖਤ: ਆਪਣੇ ਵਿਰੋਧੀ ਦੀ ਨਿਮਰਤਾ ਨੂੰ 20 ਪੁਆਇੰਟਾਂ ਨਾਲ ਘਟਾ ਦਿਓ।
- ਰਚਨਾ: ਇਸਨੂੰ ਉਸ ਰਾਊਂਡ 'ਚ ਵਰਤੋ ਜਿਸ ਵਿੱਚ ਤੁਹਾਨੂੰ ਲਗਦਾ ਹੈ ਕਿ ਤੁਸੀਂ ਜਿੱਤ ਜਾਵੋਗੇ। ਜੇਕਰ ਤੁਸੀਂ ਜਿੱਤ ਜਾਂਦੇ ਹੋ ਤਾਂ ਤੁਸੀਂ ਆਪਣੇ ਉਹਨਾਂ 3 ਕਾਰਡਾਂ ਦੀ ਫਿਰ ਤੋਂ ਵਰਤੋਂ ਕਰ ਸਕਦੇ ਹੋ ਜਿਹਨਾਂ ਨਾਲ ਤੁਸੀਂ ਪਹਿਲਾਂ ਖੇਡੇ ਹੋ।
- ਪ੍ਰਮਾਤਮਾ ਦੀ ਤਲਵਾਰ: ਰਾਊਂਡ ਨੂੰ ਆਪਣੇ ਆਪ ਜਿੱਤਣ ਲਈ ਇਸ ਕਾਰਡ ਦੀ ਵਰਤੋਂ ਕਰੋ। ਇੱਕਲਿਆਂ ਵੀ ਇਹ ਕਾਰਡ ਵਰਤਿਆ ਜਾ ਸਕਦਾ ਹੈ।
- ਪ੍ਰਮਾਤਮਾ ਦੀ ਅਗਨੀ: ਆਪਣੇ ਵਿਰੋਧੀ ਨੂੰ ਵਾਰੀ ਛੱਡਣ ਲਈ ਕਹੋ।
- ਕੋੜ੍ਹ: ਭਾਵੇਂ ਤੁਸੀਂ ਹਾਰ ਜਾਓ ਪਰ ਜਾਂਦੇ-ਜਾਂਦੇ ਆਪਣੇ ਸਾਰੇ ਵਿਰੋਧੀਆਂ ਦੀ ਤਾਕਤ ਨੂੰ ਘਟਾ ਦਿਓ ਤੇ ਬਾਕੀ ਬਚੀ ਖੇਡ ਲਈ ਉਹਨਾਂ ਨੂੰ 20 ਪੁਆਇੰਟਾਂ 'ਤੇ ਛੱਡ ਦਿਓ।
- ਕੈਦ: ਆਪਣੇ ਰਾਊਂਡ ਨੂੰ ਜਿੱਤਣ ਲਈ ਇਸ ਕਾਰਡ ਦੀ ਵਰਤੋਂ ਕਰੋ। ਆਪਣੇ ਵਿਰੋਧੀ ਦੇ ਕਿਸੇ ਵੀ ਹੀਰੋ ਨੂੰ ਚੁਣੋ ਅਤੇ ਬਾਕੀ ਰਹਿੰਦੀ ਖੇਡ ਲਈ ਉਸਨੂੰ ਪਰ੍ਹਾਂ ਕਰ ਦਿਓ।



# ਉਦਾਹਰਣ ਵਾਲੇ ਰਾਊਂਡ

ਇਸ ਉਦਾਹਰਣ ਵਜੋਂ, ਵੱਖੋ-ਵੱਖਰੇ ਹਫਤਿਆਂ 'ਚ ਹਾਜ਼ਰੀ ਦੇਣ ਕਰਕੇ ਪਹਿਲੇ ਬੱਚੇ ਤੇ ਦੂਜੇ ਬੱਚੇ ਕੋਲ ਇਹ ਕਾਰਡ ਹਨ।

ਪਹਿਲਾ ਬੱਚਾ



ਦੂਜਾ ਬੱਚਾ

## ਰਾਊਂਡ 1

ਅਧਿਆਪਕ

ਪ੍ਰਸ਼ਨ: "ਜੇਕਰ ਤੁਹਾਡੀ ਭੈਣ ਤੁਹਾਨੂੰ ਝੂਠ ਬੋਲਣ ਲਈ ਕਹਿੰਦੀ ਹੈ ਤਾਂ ਤੁਹਾਡੀ ਮਦਦ ਕਿਹੜਾ ਹੀਰੋ ਕਰੇਗਾ?"
ਗੁਣ ਦੀ ਲੋੜ: ਇਮਾਨਦਾਰੀ (ਬੱਚਿਆਂ ਨੂੰ ਨਾ ਦੱਸੋ)
ਅਧਿਆਪਕ ਬੱਚਿਆਂ ਨੂੰ ਸੋਚਣ ਦਾ ਸਮਾਂ ਦਿੰਦੀ ਹੈ ਤੇ ਇੱਕ ਪਲ ਲਈ ਰੁਕ ਜਾਂਦੀ ਹੈ, ਤੇ ਫਿਰ ਤਿੰਨ ਤੱਕ ਗਿਣਦੀ ਹੈ।

ਪਹਿਲਾ ਬੱਚਾ

ਇਮਾਨਦਾਰੀ ਦੇ ਗੁਣ ਦਾ ਅੰਦਾਜ਼ਾ ਲਗਾਉਂਦੇ ਹੋਏ, ਪਹਿਲਾ ਬੱਚਾ ਆਈਜ਼ੈਕ ਤੇ ਬਾਈਬਲ ਨੂੰ ਚੁਣ ਲੈਂਦਾ ਹੈ।

ਵਿਸ਼ਵਾਸ ਦੇ ਗੁਣ ਦਾ ਅੰਦਾਜ਼ਾ ਲਗਾਉਂਦੇ ਹੋਏ, ਦੂਜਾ ਬੱਚਾ ਅਬਰਾਹਮ ਤੇ ਲੁਕੇ ਹੋਏ ਸੋਨੇ ਨੂੰ ਚੁਣ ਲੈਂਦਾ ਹੈ।

ਦੂਜਾ ਬੱਚਾ

ਧਿਆਨ ਦਿਓ: ਉਸਨੂੰ ਪੈਂਟਾਟਿਚ ਦੇ ਬਾਈਬਲ ਕਾਰਡ ਨੂੰ ਹੀ ਚੁਣਨਾ ਚਾਹੀਦਾ ਹੈ ਕਿਉਂਕਿ ਆਈਜ਼ੈਕ ਦੀ ਕਹਾਣੀ ਉਤਪੱਤੀ ਵਿੱਚ ਹੈ।





ਵਿਸ਼ਵਾਸ ਦੇਪੁਆਇੰਟ ਇਸ ਰਾਊਂਡ ਵਿੱਚ ਨਹੀਂ ਗਿਣੇ ਜਾਣਗੇ ਕਿਉਂਕਿ ਇਸ ਰਾਊਂਡ ਵਿੱਚ ਜਿਹੜਾ ਗੁਣ ਚਾਹੀਦਾ ਹੈ ਉਹ ਵਿਸ਼ਵਾਸ ਨਹੀਂ ਇਮਾਨਦਾਰੀ ਹੈ।

ਪਹਿਲਾ ਬੱਚਾ ਇਹ ਰਾਊਂਡ ਜਿੱਤਦਾ ਹੈ!

ਆਈਜ਼ੈਕ: 90 ਇਮਾਨਦਾਰੀ
ਬਾਈਬਲ: + 20 ਪੁਆਇੰਟ
(-10 ਪੁਆਇੰਟ)

ਅਬਰਾਹਮ 77 ਇਮਾਨਦਾਰੀ
ਲੁਕਿਆ ਹੋਇਆ ਸੋਨਾ ਵਿਰੋਧੀ ਲਈ -10 ਪੁਆਇੰਟ

100 ਇਮਾਨਦਾਰੀ

77 ਇਮਾਨਦਾਰੀ



ਹਰ ਖਿਡਾਰੀ ਖੇਡੇ ਹੋਏ ਪੱਤਿਆਂ ਨੂੰ ਇੱਕ ਡਿਸਕਾਰਡ ਢੇਰੀ ਵਿੱਚ ਰੱਖਦਾ ਜਾਂਦਾ ਹੈ ਜੋ ਅਗਲੇ ਰਾਊਂਡ ਦੀ ਤਿਆਰੀ ਲਈ ਕੰਮ ਆਉਂਦੇ ਹਨ। ਇੱਕ ਕਾਰਡ ਨਾਲ ਇੱਕ ਗੇਮ 'ਚ ਸਿਰਫ ਇੱਕ ਵਾਰੀ ਖੇਡਿਆ ਜਾ ਸਕਦਾ ਹੈ।



ਬੱਚੇ ਦੇ ਕਾਰਡਾਂ ਪਿੱਛੇ ਉਸਦਾ ਨਾਮ ਲਿਖ ਦਿਓ ਤਾਂ ਜੋ ਉਹ ਇਹਨਾਂ ਨੂੰ ਨਾ ਗੁਆਵੇ।

ਬਾਕੀ ਰਹਿੰਦੇ ਕਾਰਡ ਅਗਲੇ ਰਾਊਂਡ ਵਿੱਚ ਵਰਤੇ ਜਾ ਸਕਦੇ ਹਨ।

## ਰਾਊਂਡ 2

ਅਧਿਆਪਕ

ਪ੍ਰਸ਼ਨ: "ਜੇਕਰ ਤੁਹਾਡਾ ਕੋਈ ਦੋਸਤ ਤੁਹਾਡੇ ਕੋਲ ਆ ਕੇ ਦੱਸਦਾ ਹੈ ਕਿ ਤੁਸੀਂ ਗ਼ਲਤੀ ਕਰ ਰਹੇ ਹੋ ਅਤੇ ਤੁਹਾਨੂੰ ਵੀ ਪਤਾ ਹੈ ਕਿ ਤੁਸੀਂ ਗ਼ਲਤੀ ਕਰ ਰਹੇ ਹੋ ਤਾਂ ਤੁਹਾਨੂੰ ਮੰਨ ਲੈਣਾ ਚਾਹੀਦਾ ਹੈ ਤੇ ਮਾਫ਼ੀ ਮੰਗਣੀ ਚਾਹੀਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ?"
ਗੁਣ ਦੀ ਲੋੜ: ਨਿਮਰਤਾ (ਬੱਚਿਆਂ ਨੂੰ ਨਾ ਦੱਸੋ)

ਪਹਿਲਾ ਬੱਚਾ

ਪਹਿਲਾ ਬੱਚਾ ਮੋਸੇਜ਼ ਤੇ ਰਚਨਾ ਨੂੰ ਚੁਣਦਾ ਹੈ।

ਦੂਜਾ ਬੱਚਾ ਪ੍ਰਮਾਤਮਾ ਦੀ ਤਲਵਾਰ ਨੂੰ ਚੁਣਦਾ ਹੈ, ਉਸ ਕਾਰਡ ਨੂੰ ਜਿਸ ਨਾਲ ਇਕੱਲਿਆਂ ਖੇਡਿਆ ਜਾ ਸਕਦਾ ਹੈ।

ਦੂਜਾ ਬੱਚਾ







ਮੋਸੇਜ਼: 100 ਨਿਮਰਤਾ
ਰਚਨਾ: ਜੇ ਜਿੱਤੇ, ਤਾਂ ਉਸਨੂੰ ਡਿਸਕਾਰਡ ਵਾਲੀ ਢੇਰੀ 'ਚੋਂ 3 ਕਾਰਡ ਵਾਪਿਸ ਮਿਲਣਗੇ।

ਪ੍ਰਮਾਤਮਾ ਦੀ ਤਲਵਾਰ ਸਾਰੇ ਰਾਊਂਡ ਜਿੱਤ ਜਾਂਦੀ ਹੈ।

ਦੂਜਾ ਬੱਚਾ ਇਹ ਰਾਊਂਡ ਜਿੱਤਦਾ ਹੈ!

100 ਨਿਮਰਤਾ

(ਉਸਨੂੰ ਲਗਦਾ ਹੈ ਕਿ ਓਹੀ ਜਿੱਤੇਗਾ।)

## ਸਮਾਪਤ

ਜਦੋਂ ਕਿਸੇ ਇੱਕ ਖਿਡਾਰੀ ਕੋਲੋਂ ਕਾਰਡ ਮੁੱਕ ਜਾਂਦੇ ਹਨ, ਤਾਂ ਗੇਮ ਖ਼ਤਮ ਹੋ ਜਾਂਦੀ ਹੈ। ਜਿਹੜਾ ਬੱਚਾ ਸਭ ਤੋਂ ਰਾਊਂਡ ਜਿੱਤੇ ਉਹੀ ਇਸ ਗੇਮ ਨੂੰ ਜਿੱਤ ਜਾਂਦਾ ਹੈ। ਬੱਚਿਆਂ ਨੂੰ ਆਪਣੇ ਵਿਰੋਧੀ ਬਦਲਣ ਦਿਓ ਤੇ ਦੁਬਾਰਾ ਖੇਡਣ ਨੂੰ ਕਹੋ।

# ਗੇਮ ਲਈ ਪ੍ਰਸ਼ਨ।

1. ਜੇਕਰ ਤੁਹਾਡੀ ਭੈਣ ਤੁਹਾਨੂੰ ਝੂਠ ਬੋਲਣ ਲਈ ਕਹਿੰਦੀ ਹੈ ਤਾਂ ਤੁਹਾਡੀ ਮਦਦ ਕਿਹੜਾ ਹੀਰੋ ਕਰੇਗਾ? (ਇਮਾਨਦਾਰੀ)
2. "ਜੇਕਰ ਤੁਹਾਡਾ ਕੋਈ ਦੋਸਤ ਤੁਹਾਡੇ ਕੋਲ ਆ ਕੇ ਦੱਸਦਾ ਹੈ ਕਿ ਤੁਸੀਂ ਗ਼ਲਤੀ ਕਰ ਰਹੇ ਹੋ ਅਤੇ ਤੁਹਾਨੂੰ ਵੀ ਪਤਾ ਹੈ ਕਿ ਤੁਸੀਂ ਗ਼ਲਤੀ ਕਰ ਰਹੇ ਹੋ ਤਾਂ ਤੁਹਾਨੂੰ ਮੰਨ ਲੈਣਾ ਚਾਹੀਦਾ ਹੈ ਤੇ ਮਾਫ਼ੀ ਮੰਗਣੀ ਚਾਹੀਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
3. ਸਕੂਲ ਵਿੱਚ ਤੁਹਾਡਾ ਇੱਕ ਸਹਿਪਾਠੀ ਤੁਹਾਡਾ ਮਜ਼ਾਕ ਉਡਾ ਰਿਹਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
4. ਤੁਹਾਡੇ ਪਿਤਾ ਜੀ ਚਾਹੁੰਦੇ ਹਨ ਕਿ ਤੁਸੀਂ ਕਾਰ ਸਾਫ਼ ਕਰੋਂ ਪਰ ਤੁਸੀਂ ਕਰਨਾ ਨੀ ਚਾਹੁੰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
5. ਜਦੋਂ ਤੁਸੀਂ ਕਿਸੇ ਸਟੋਰ 'ਚ ਗਏ ਤੇ ਤੁਸੀਂ ਕੁਝ ਸਨੈਕਸ ਖਰੀਦੇ, ਤਾਂ ਕੈਸ਼ੀਅਰ ਨੇ ਤੁਹਾਨੂੰ ਬਹੁਤ ਸਾਰੇ ਖੁੱਲ੍ਹੇ ਪੈਸੇ ਦਿੱਤੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
6. ਸਕੂਲ ਵਿੱਚ ਤੁਹਾਡਾ ਇੱਕ ਸਹਿਪਾਠੀ ਪੌੜੀਆਂ ਤੋਂ ਡਿੱਗ ਗਿਆ ਤੇ ਹਰੇਕ ਨੇ ਉਸਦਾ ਮਜ਼ਾਕ ਉਡਾਇਆ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
7. ਇੱਕ ਦਿਨ ਇੱਕ ਕੁੜੀ ਨੇ ਤੁਹਾਨੂੰ ਇੱਕ ਤੋਹਫ਼ਾ ਦਿੱਤਾ ਜੋ ਤੁਹਾਨੂੰ ਪਸੰਦ ਨਹੀਂ ਆਇਆ, ਪਰ ਉਸਨੇ ਤੁਹਾਨੂੰ ਇਹ ਬਹੁਤ ਹੀ ਪਿਆਰ ਨਾਲ ਦਿੱਤਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
8. ਤੁਹਾਡਾ ਅੰਕਲ ਤੁਹਾਨੂੰ ਇੱਕ ਬੀਅਰ ਦਾ ਗਿਲਾਸ ਔਫਰ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
9. ਸਕੂਲ 'ਚ, ਤੁਹਾਡੇ ਸਹਿਪਾਠੀ ਤੁਹਾਨੂੰ ਦੱਸਦੇ ਹਨ ਕਿ ਤੁਸੀਂ ਉੱਥੇ ਈਸਾਈ ਨਹੀਂ ਹੋ ਸਕਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
10. ਤੁਹਾਡੀ ਭੈਣ ਤੁਹਾਡਾ ਸਭ ਤੋਂ ਪਿਆਰਾ ਖਿਡੌਣਾ ਤੋੜ ਦਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
11. ਤੁਹਾਡੇ ਪਿਤਾ ਨੇ ਤੁਹਾਨੂੰ ਦੱਸਿਆ ਕਿ ਪ੍ਰਮਾਤਮਾ ਤੁਹਾਨੂੰ ਪਿਆਰ ਨਹੀਂ ਕਰਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
12. ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਆਪਣੇ ਸਭ ਤੋਂ ਚੰਗੇ ਦੋਸਤ ਨਾਲ ਖੇਡਣ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਤੁਹਾਡਾ ਦੋਸਤ ਇੱਕ ਚੰਗਾ ਇਨਸਾਨ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
13. ਤੁਹਾਡਾ ਪਾਦਰੀ ਤੁਹਾਨੂੰ ਉਸਦੇ ਨਾਲ ਜਾਕੇ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਕਹਿੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
14. ਰਾਤ ਦੇ ਖਾਣੇ ਦਾ ਸਮਾਂ ਹੈ ਅਤੇ ਤੁਹਾਡੇ ਪਰਿਵਾਰ ਕੋਲ ਖਾਣ ਲਈ ਬਸ ਇੰਨਾ ਹੀ ਖਾਣਾ ਹੈ ਜੋ ਕੇਵਲ ਤੁਹਾਡੇ ਲਈ ਹੀ ਪੂਰਾ-ਪੂਰਾ ਹੈ, ਪਰ ਤੁਹਾਡੇ ਘਰ ਮਹਿਮਾਨ ਆ ਜਾਂਦੇ ਹਨ ਅਤੇ ਉਨ੍ਹਾਂ ਨੂੰ ਵੀ ਖਾਣਾ ਖਵਾਉਣਾ ਪਵੇਗਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
15. ਤੁਹਾਡੇ ਪਾਦਰੀ ਨੇ ਤੁਹਾਨੂੰ ਵਰਤ ਰੱਖਣ ਲਈ ਕਿਹਾ ਸੀ ਪਰ ਤੁਹਾਡੀ ਮਾਂ ਵਰਤ ਵਾਲੇ ਦਿਨ ਹੀ ਤੁਹਾਨੂੰ ਸਭ ਤੋਂ ਸਵਾਦੀ ਖਾਣਾ ਬਣਾ ਕੇ ਦਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
16. ਤੁਹਾਡੀ ਮਾਂ ਨੇ ਜੋ ਖਾਣਾ ਬਣਾਇਆ ਹੈ ਉਹ ਤੁਹਾਨੂੰ ਪਸੰਦ ਨਹੀਂ ਹੈ ਪਰ ਮਾਂ ਕਹਿੰਦੀ ਹੈ ਤੰਦਰੁਸਤ ਸਰੀਰ ਲਈ ਤੁਹਾਨੂੰ ਉਹ ਭੋਜਨ ਖਾਣਾ ਚਾਹੀਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
17. ਮਾਂ ਕਹਿੰਦੀ ਹੈ, ਚੱਲ ਨਹਾ ਲੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
18. ਸਕੂਲ ਵਿੱਚ ਇੱਕ ਕੁੜੀ ਠੋਕਰ ਖਾ ਕੇ ਤੁਹਾਡੇ ਕੱਪੜਿਆਂ ਦੇ ਸੋਢਾ ਸੁੱਟ ਦਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
19. ਤੁਸੀਂ ਸੜਕ ਪਾਰ ਕਰ ਰਹੇ ਹੋ ਅਤੇ ਇੱਕ ਮਹਿਲਾ ਦੇ ਕੋਲ ਦੀ ਨਿਕਲਦੇ ਹੋ। ਉਸ ਮਹਿਲਾ ਨੇ ਕਰਿਆਨੇ ਦੇ ਸਮਾਨ ਦੇ ਕਈ ਲਿਫ਼ਾਫ਼ੇ ਚੱਕੇ ਹੋਏ ਨੇ ਜੋ ਕਿ ਡਿੱਗਣ ਹੀ ਵਾਲੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
20. ਤੁਹਾਡੀ ਮਾਂ ਤੁਹਾਨੂੰ ਇੱਕ ਬੱਚੇ ਦੇ ਘਰ ਜਾ ਕੇ ਉਸਨੂੰ ਤੋਹਫ਼ਾ ਦੇਣ ਲਈ ਕਹਿੰਦੀ ਹੈ ਪਰ ਤੁਹਾਡੀ ਉਸ ਬੱਚੇ ਨਾਲ ਚੰਗੀ ਦੋਸਤੀ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
21. ਤੁਹਾਡੀ ਕਲਾਸ ਦਾ ਇੱਕ ਬੱਚਾ ਤੁਹਾਡੀ ਕਾਪੀ ਖ਼ਰਾਬ ਕਰ ਦਿੰਦਾ ਹੈ ਤੇ ਤੁਸੀਂ ਉਸ ਤੋਂ ਬਦਲਾ ਲੈਣਾ ਚਾਉਂਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
22. ਤੁਹਾਡੀ ਭੈਣ ਤੁਹਾਨੂੰ ਹਮੇਸ਼ਾ ਕਹਿੰਦੀ ਰਹਿੰਦੀ ਹੈ ਕਿ ਤੁਸੀਂ ਖ਼ੂਬਸੂਰਤ ਨਹੀਂ ਹੋ ਤੇ ਇਹ ਗੱਲ ਤੁਹਾਨੂੰ ਨਿਰਾਸ਼ ਕਰ ਦਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
23. ਤੁਹਾਡਾ ਸੰਡੇ ਸਕੂਲ ਦਾ ਅਧਿਆਪਕ ਤੁਹਾਨੂੰ ਅਨੁਸ਼ਾਸ਼ਨ ਵਿੱਚ ਰਹਿਣ ਲਈ ਕਹਿੰਦਾ ਹੈ ਅਤੇ ਇਸ ਗੱਲ 'ਤੇ ਤੁਹਾਨੂੰ ਗੁੱਸਾ ਆ ਜਾਂਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
24. ਇੱਕ ਦਿਨ ਸਕੂਲ 'ਚ ਤੁਹਾਡਾ ਦੋਸਤ ਤੁਹਾਨੂੰ ਦੂਜੇ ਬੱਚੇ ਦਾ ਬੈਕਪੈਕ ਚੋਰੀ ਕਰਨ ਲਈ ਕਹਿੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
25. ਤੁਹਾਡੀ ਆਂਟੀ ਤੁਹਾਨੂੰ ਮਾੜੇ ਵਰਤਾਵ ਕਰਕੇ ਸਜ਼ਾ ਦਿੰਦੀ ਹੈ ਤੇ ਇਸ ਲਈ ਤੁਹਾਨੂੰ ਉਹ ਆਂਟੀ ਪਸੰਦ ਨਹੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
26. ਇੱਕ ਦਿਨ ਤੁਹਾਨੂੰ ਲੱਗਿਆ ਕਿ ਪ੍ਰਮਾਤਮਾ ਤੁਹਾਨੂੰ ਕੁਝ ਇਹੋ ਜਾ ਕਰਨ ਲਈ ਕਹਿ ਰਿਹਾ ਹੈ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
27. ਦੂਜਾ ਬੱਚਾ ਤੁਹਾਨੂੰ ਸਿਗਰੇਟ ਔਫਰ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
28. ਚਰਚ 'ਚ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਸੀਂ ਆਲਸੀ ਹੋ, ਪਰ ਤੁਸੀਂ ਇਹ ਮੰਨਣਾ ਨਹੀਂ ਚਾਹੁੰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
29. ਤੁਹਾਡਾ ਇੱਕ ਦੋਸਤ ਤੁਹਾਨੂੰ ਮਾਤਾ-ਪਿਤਾ ਦੇ ਪੈਸੇ ਚੁਰਾਉਣ ਨੂੰ ਕਹਿੰਦਾ ਹੈ, ਤੇ ਉਹ ਕਹਿੰਦਾ ਹੈ ਕਿ ਜੇਕਰ ਤੁਸੀਂ ਇੰਝ ਨਹੀਂ ਕਰਦੇ ਤਾਂ ਉਹ ਤੁਹਾਡੇ ਨਾਲ ਦੋਸਤੀ ਨਹੀਂ ਰੱਖੇਗਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
30. ਤੁਹਾਡੇ ਸਕੂਲ ਦੇ ਅਧਿਆਪਕ ਨੇ ਤੁਹਾਨੂੰ ਦੱਸਿਆ ਕਿ ਤੁਸੀਂ ਪ੍ਰਮਾਤਮਾ ਕੋਲੋਂ ਨਹੀਂ ਸਗੋਂ ਇੱਕ ਬਾਂਦਰ ਕੋਲੋਂ ਆਏ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
31. ਇੱਕ ਅਧਿਆਪਕ ਨੇ ਤੁਹਾਨੂੰ ਗਲਤ ਤਰੀਕੇ ਨਾਲ ਘੱਟ ਨੰਬਰ ਦੇ ਦਿੱਤੇ ਅਤੇ ਤੁਹਾਡੇ ਮਾਤਾ-ਪਿਤਾ ਤੁਹਾਡਾ ਵਿਸ਼ਵਾਸ ਨਹੀਂ ਕਰ ਰਹੇ ਤੇ ਇਸ ਕਰਕੇ ਉਹ ਤੁਹਾਨੂੰ ਸਜ਼ਾ ਦੇਣਗੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
32. ਤੁਹਾਡੇ ਸਾਥੀ ਨੇ ਕਿਹਾ ਕਿ ਤੁਸੀਂ ਖ਼ੂਬਸੂਰਤ ਨਹੀਂ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
33. ਤੁਸੀਂ ਆਪਣੀ ਭੈਣ ਨੂੰ ਅਪਸ਼ਬਦ ਕਹੇ ਹਨ ਅਤੇ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਮਾਫ਼ੀ ਮੰਗਣੀ ਚਾਹੀਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
34. ਤੁਹਾਡਾ ਪਾਦਰੀ ਤੁਹਾਨੂੰ 'ਤਾਰੀਫ਼ ਗਰੁੱਪ' ਵਿੱਚ ਜਾਣ ਨਹੀਂ ਦਿੰਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
35. ਸਕੂਲ ਵਿੱਚ ਤੁਹਾਡਾ ਅਧਿਆਪਕ ਕਦੇ ਤੁਹਾਡੀ ਤਾਰੀਫ਼ ਨਹੀਂ ਕਰਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
36. ਤੁਹਾਡੀ ਮਾਂ ਨੇ ਤੁਹਾਡੇ 'ਤੇ ਇੱਕ ਇਹੋ ਜੇ ਕੰਮ ਦਾ ਦੋਸ਼ ਲਾਇਆ ਜਿਹੜਾ ਤੁਸੀਂ ਕੀਤਾ ਹੀ ਨਹੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
37. ਜਦੋਂ ਤੁਹਾਡੀ ਦਾਦੀ ਆਈ, ਤਾਂ ਸਾਰੇ ਭੈਣ-ਭਰਾਵਾਂ ਲਈ ਉਪਹਾਰ ਲੈ ਕੇ ਆਈ ਪਰ ਤੁਹਾਡੇ ਲਈ ਨਹੀਂ ਲਿਆਈ। ਤੁਹਾਨੂੰ ਪਤਾ ਹੈ ਕਿ ਮਾਫ਼ੀ ਦੇਕੇ ਭੁੱਲ ਜਾਣਾ ਚਾਹੀਦਾ ਹੈ, ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
38. ਤੁਸੀਂ ਬੱਸ ਵਿੱਚ ਸਫ਼ਰ ਕਰ ਰਹੇ ਹੋ ਅਤੇ ਇਕ ਬੁੱਢੀ ਔਰਤ ਬੱਸ ਵਿੱਚ ਚੜ੍ਹ ਜਾਂਦੀ ਹੈ। ਤੁਹਾਡੇ ਕੋਲ ਇਕ ਸੀਟ ਹੈ ਪਰ ਬੁੱਢੀ ਔਰਤ ਕੋਲ ਨਹੀਂ, ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
39. ਤੁਸੀਂ ਸਕੂਲ ਵਿੱਚ ਖੇਡ ਰਹੇ ਹੋ ਅਤੇ ਆਸੇ-ਪਾਸੇ ਭੱਜਦੇ ਹੋਏ ਡਿੱਗ ਜਾਂਦੇ ਹੋ। ਤੁਹਾਡੇ ਸਹਿਪਾਠੀ ਤੁਹਾਡੇ 'ਤੇ ਹੱਸਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
40. ਸਕੂਲ ਵਿੱਚ ਸਾਰੇ ਖੇਡ ਰਹੇ ਸਨ ਅਤੇ ਤੁਸੀਂ ਉਨ੍ਹਾਂ ਨੂੰ ਇਹ ਪੁੱਛਿਆ ਕਿ ਕੀ ਤੁਸੀਂ ਉਹਨਾਂ ਨਾਲ ਖੇਡ ਸਕਦੇ ਹੋ। ਤੁਹਾਡੇ ਸਹਿਪਾਠੀਆਂ ਨੇ ਕਿਹਾ ਕਿ ਤੁਸੀਂ ਉਹਨਾਂ ਦੇ ਨਾਲ ਨਹੀਂ ਖੇਡ ਸਕਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
41. ਤੁਸੀਂ ਇੱਕ ਮੁੰਡੇ ਨੂੰ ਇੱਕ ਛੋਟੀ ਜਿਹੀ ਕੁੜੀ ਨੂੰ ਮਾਰਦੇ ਹੋਏ ਵੇਖਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
42. ਸਕੂਲ ਵਿੱਚ ਇੰਨੀਆਂ ਕੈਂਚੀਆਂ ਨਹੀਂ ਹਨ ਕਿ ਹਰੇਕ ਬੱਚੇ ਨੂੰ ਇੱਕ-ਇੱਕ ਕੈਂਚੀ ਦਿੱਤੀ ਜਾ ਸਕੇ। ਤੁਸੀਂ ਕੈਂਚੀ ਨਾਲ ਕੰਮ ਕਰ ਰਹੇ ਹੋ ਤੇ ਤੁਹਾਡਾ ਇੱਕ ਸਹਿਪਾਠੀ ਤੁਹਾਡੇ ਤੋਂ ਕੈਂਚੀ ਲੈ ਜਾਂਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
43. ਇੱਕ ਕੁੜੀ ਤੁਹਾਨੂੰ ਪਸੰਦ ਕਰਦੀ ਹੈ ਅਤੇ ਚਾਹੁੰਦੀ ਹੈ ਕਿ ਤੁਸੀਂ ਉਸਨੂੰ ਚੁੰਮੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
44. ਤੁਸੀਂ ਪ੍ਰਮਾਤਮਾ ਤੋਂ ਇੱਕ ਸਾਈਕਲ ਮੰਗੀ ਸੀ ਪਰ ਫਿਰ ਵੀ ਤੁਹਾਨੂੰ ਉਹ ਸਾਈਕਲ ਨਹੀਂ ਮਿਲੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
45. ਤੁਹਾਡੀ ਮਾਂ ਨੇ ਤੁਹਾਨੂੰ ਸਟੋਰ ਜਾਣ ਲਈ ਕਿਹਾ ਤੇ ਉਸਨੇ ਤੁਹਾਨੂੰ 50 ਡਾਲਰ ਦਾ ਬਿੱਲ ਦਿੱਤਾ ਪਰ ਉਹ ਇਹ ਕਹਿਣਾ ਭੁੱਲ ਗਈ ਕਿ ਟੁੱਟੇ ਪੈਸੇ ਵੀ ਲੈਕੇ ਆਵੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

46. ਸਕੂਲ ਵਿੱਚ ਤੁਹਾਨੂੰ ਅਧਿਆਪਕ ਪੁੱਛਦੇ ਨੇ ਕਿ ਸਭ ਤੋਂ ਹੁਸ਼ਿਆਰ ਬੱਚਾ ਕਿਹੜਾ ਹੈ। ਤੁਸੀਂ ਸਭ ਤੋਂ ਹੁਸ਼ਿਆਰ ਹੋ ਪਰ ਤੁਹਾਨੂੰ ਪਤਾ ਹੈ ਕਿ ਆਪਣੀ ਵਡਿਆਈ ਕਰਨਾ ਗ਼ਲਤ ਹੁੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
47. ਇੱਕ ਦਿਨ ਜਦੋਂ ਤੁਸੀਂ ਸੜਕ ਤੇ ਚੱਲ ਰਹੇ ਸੀ ਤਾਂ ਤੁਹਾਡੇ ਅੱਗੇ ਇਕ ਵਿਅਕਤੀ ਦਾ ਬਟੂਆ ਡਿੱਗ ਪਿਆ ਤੇ ਉਸਨੂੰ ਪਤਾ ਵੀ ਨਹੀਂ ਲੱਗਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
48. ਤੁਹਾਡੀ ਦਾਦੀ ਨੇ ਤੁਹਾਨੂੰ ਦੁਕਾਨ ਤੇ ਜਾ ਕੇ ਉਨ੍ਹਾਂ ਲਈ ਕੁਝ ਖਾਣ ਲਈ ਲਿਆ ਕੇ ਦੇਣ ਲਈ ਕਿਹਾ। ਜੋ ਉਨ੍ਹਾਂ ਨੇ ਕਿਹਾ ਸੀ ਤੁਸੀਂ ਉਹ ਨਹੀਂ ਲੈ ਕੇ ਆਏ ਅਤੇ ਦਾਦੀ ਨਾਰਾਜ਼ ਹੋ ਗਈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
49. ਤੁਹਾਡੇ ਮਾਤਾ ਪਿਤਾ ਤੁਹਾਨੂੰ ਚਾਚੀ ਦੇ ਘਰ ਛੱਡ ਗਏ ਪਰ ਤੁਸੀਂ ਇਸ ਚਾਚੀ ਨੂੰ ਪਸੰਦ ਨਹੀਂ ਕਰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
50. ਤੁਹਾਡੀ ਭੈਣ ਤੁਹਾਡੇ ਤੋਂ ਵੱਡੀ ਹੈ ਅਤੇ ਉਹ ਹਮੇਸ਼ਾ ਤੁਹਾਡਾ ਮਜ਼ਾਕ ਉਡਾਉਂਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
51. ਤੁਹਾਡੀ ਭੈਣ ਤੁਹਾਡੇ 'ਤੇ ਹੁਕਮ ਚਲਾਉਂਦੀ ਰਹਿੰਦੀ ਹੈ ਜਿਵੇਂ ਕਿ ਉਹ ਤੁਹਾਡੀ ਮਾਂ ਹੋਵੇ ਤੇ ਇਹ ਗੱਲ ਤੁਹਾਨੂੰ ਪਸੰਦ ਨਹੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
52. ਤੁਹਾਡੀ ਮਾਂ ਤੁਹਾਨੂੰ ਕਹਿੰਦੀ ਹੈ ਕਿ ਰੱਬ ਤੁਹਾਨੂੰ ਪਿਆਰ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
53. ਤੁਹਾਡੇ ਮਾਂ ਬਾਪ ਤੁਹਾਨੂੰ ਕਹਿੰਦੇ ਹਨ ਕਿ ਵਿਸ਼ਵਾਸ ਰੱਖੋ ਸਭ ਕੁਝ ਸੰਭਵ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
54. ਤੁਹਾਡੇ ਅਧਿਆਪਕ ਨੇ ਤੁਹਾਨੂੰ ਚਰਚ ਸਾਫ਼ ਕਰਨ 'ਚ ਮਦਦ ਕਰਨ ਲਈ ਕਿਹਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
55. ਤੁਹਾਡੇ ਮਾਤਾ ਪਿਤਾ ਨੇ ਤੁਹਾਨੂੰ ਆਪਣਾ ਕਮਰਾ ਸਾਫ਼ ਕਰਨ ਲਈ ਕਿਹਾ ਪਰ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
56. ਇੱਕ ਦੋਸਤ ਤੁਹਾਡੀ ਬਾਈਕ ਮੰਗ ਰਿਹਾ ਹੈ ਪਰ ਤੁਸੀਂ ਉਸਨੂੰ ਦੇਣਾ ਨੀ ਚਾਉਂਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
57. ਤੁਹਾਨੂੰ ਸੜਕ ਪਾਰ ਕਰਨ ਦੀ ਕਾਹਲੀ ਹੈ, ਪਰ ਇੱਥੇ ਇੱਕ ਔਰਤ ਵੀਲ-ਚੇਅਰ ਤੇ ਹੈ ਅਤੇ ਉਹ ਤੁਹਾਨੂੰ ਆਪਣੀ ਮਦਦ ਕਰਨ ਨੂੰ ਕਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
58. ਤੁਹਾਡੇ ਮਾਪੇ ਤੁਹਾਨੂੰ ਇਨਾਮ ਦੇਣਾ ਚਾਹੁੰਦੇ ਹਨ ਕਿਉਂਕਿ ਤੁਹਾਨੂੰ ਪ੍ਰੀਖਿਆ ਵਿੱਚ ਸ਼ਾਨਦਾਰ ਗਰੇਡ ਪ੍ਰਾਪਤ ਹੋਏ ਹਨ, ਪਰ ਤੁਸੀਂ ਜਾਣਦੇ ਹੋ ਕਿ ਤੁਸੀਂ ਪ੍ਰੀਖਿਆ ਵਿੱਚ ਨਕਲ ਕੀਤੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
59. ਤੁਹਾਡੇ ਅਧਿਆਪਕ ਨੇ ਤੁਹਾਨੂੰ ਕਲਾਸ ਪ੍ਰੋਜੈਕਟ ਲਈ ਗਰੁੱਪ ਵਿੱਚ ਸ਼ਾਮਲ ਕੀਤਾ ਹੈ। ਤੁਹਾਡੇ ਗਰੁੱਪ ਦਾ ਇੱਕ ਸਹਿਪਾਠੀ ਹੈ ਜੋ ਤੁਹਾਨੂੰ ਪਰੇਸ਼ਾਨ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
60. ਤੁਹਾਡੇ ਪਿਤਾ ਨੇ ਤੁਹਾਨੂੰ ਪ੍ਰਾਰਥਨਾ ਕਰਨ ਲਈ ਕਿਹਾ ਤਾਂ ਜੋ ਨਵੀਂ ਨੌਕਰੀ ਲੱਭ ਜਾਵੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
61. ਤੁਹਾਡੇ ਪਿਤਾ ਤੁਹਾਨੂੰ ਕੁਝ ਇਹੋ ਜਿਹਾ ਕਰਨ ਲਈ ਕਹਿੰਦੇ ਹਨ ਜੋ ਤੁਸੀਂ ਕਰਨਾ ਪਸੰਦ ਨਹੀਂ ਕਰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
62. ਤੁਹਾਡਾ ਸਕੂਲ ਦਾ ਅਧਿਆਪਕ ਤੁਹਾਨੂੰ ਦੱਸਦਾ ਹੈ ਕਿ ਬਾਈਬਲ ਜੋ ਕਹਿੰਦੀ ਹੈ ਉਹ ਝੂਠ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
63. ਤੁਹਾਡਾ ਪਾਦਰੀ ਤੁਹਾਨੂੰ ਕਹਿੰਦਾ ਹੈ ਕਿ ਤੁਸੀਂ ਚਰਚ ਦੇ ਸਮਾਗਮ ਵਿੱਚ ਜਾ ਸਕਦੇ ਹੋ ਭਾਵੇਂ ਤੁਹਾਡੇ ਮਾਪੇ ਤੁਹਾਨੂੰ ਨਹੀਂ ਜਾਣ ਦਿੰਦੇ, ਪਰ ਤੁਸੀਂ ਜਾਣਦੇ ਹੋ ਕਿ ਪ੍ਰਮਾਤਮਾ ਨੇ ਸਭ ਤੋਂ ਪਹਿਲਾ ਅਧਿਕਾਰ ਤੁਹਾਡੇ ਮਾਪਿਆਂ ਨੂੰ ਦਿੱਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
64. ਤੁਹਾਡੇ ਮਾਪੇ ਤੁਹਾਨੂੰ ਚਰਚ ਦੇ ਸਮਾਗਮ 'ਤੇ ਜਾਣ ਨਹੀਂ ਦੇਣਗੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
65. ਤੁਹਾਡੇ ਮਾਪਿਆਂ ਨੇ ਤੁਹਾਨੂੰ ਸਜਾ ਦਿੱਤੀ ਹੈ ਅਤੇ ਤੁਹਾਨੂੰ ਦੱਸਿਆ ਹੈ ਕਿ ਤੁਸੀਂ ਘਰ ਤੋਂ ਬਾਹਰ ਨਹੀਂ ਜਾ ਸਕਦੇ, ਪਰ ਤੁਸੀਂ ਘਰ ਵਿੱਚ ਕੱਲੇ ਹੋ, ਅਤੇ ਤੁਹਾਡੇ ਦੋਸਤ ਆਉਂਦੇ ਹਨ ਅਤੇ ਤੁਹਾਨੂੰ ਬਾਹਰ ਖੇਡਣ ਲਈ ਬੁਲਾਉਂਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
66. ਜਦੋਂ ਤੁਸੀਂ ਸਟੋਰ 'ਤੇ ਗਏ, ਇੱਕ ਬੱਚੇ ਨੇ ਤੁਹਾਡੀ ਬੁਰਾਈ ਕੀਤੀ, ਤੁਸੀਂ ਜਾਣਦੇ ਹੋ ਕਿ ਤੁਹਾਨੂੰ ਜਵਾਬ ਨਹੀਂ ਦੇਣਾ ਚਾਹੀਦਾ, ਪਰ ਤੁਹਾਨੂੰ ਬਹੁਤ ਗੁੱਸਾ ਆਇਆ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
67. ਤੁਹਾਡਾ ਇੱਕ ਬਹੁਤ ਮਹੱਤਵਪੂਰਨ ਟੈਸਟ ਹੈ ਜਿਸ ਲਈ ਤੁਸੀਂ ਤਿਆਰੀ ਨਹੀਂ ਕੀਤੀ ਅਤੇ ਤੁਹਾਨੂੰ ਪਤਾ ਹੈ ਕਿ ਤੁਸੀਂ ਟੈਸਟ ਦੇ ਦੌਰਾਨ ਨਕਲ ਕਰ ਸਕਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
68. ਤੁਹਾਡੇ ਸਕੂਲ ਦੇ ਗਰੁੱਪ ਵਿੱਚ ਤੁਸੀਂ ਇੱਕਲੇ ਹੋ ਜੋ ਅਸਾਈਨਮੈਂਟ ਕਰ ਰਹੇ ਹੋ, ਜਦੋਂ ਕਿ ਤੁਹਾਨੂੰ ਸਾਰਿਆਂ ਨੂੰ ਕਰ ਰਹੇ ਹੋਣਾ ਚਾਹੀਦਾ ਹੈ, ਅਤੇ ਤੁਹਾਨੂੰ ਆਪਣੇ ਸਹਿਪਾਠੀਆਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਉਹ ਵੀ ਤੁਹਾਡੀ ਇਸ 'ਚ ਮਦਦ ਕਰਨ।
69. ਇੱਕ ਬੱਚਾ ਸਕੂਲ ਵਿੱਚ ਤੁਹਾਨੂੰ ਕਹਿੰਦਾ ਹੈ ਕਿ ਤੁਸੀਂ ਝੂਠੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
70. ਤੁਹਾਡੇ ਸਹਿਪਾਠੀ ਤੁਹਾਨੂੰ ਅਜਿਹੀ ਕੋਈ ਚੀਜ਼ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ ਜੋ ਗੁਆਚ ਗਈ ਸੀ, ਅਤੇ ਹਰ ਕੋਈ ਕਹਿੰਦਾ ਹੈ ਕਿ ਤੁਸੀਂ ਚੋਰ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
71. ਤੁਹਾਡੀ ਮਾਂ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਗ਼ਲਤ ਸੀ, ਅਤੇ ਤੁਹਾਨੂੰ ਆਪਣੀ ਗ਼ਲਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਸੁਧਾਰਨਾ ਚਾਹੀਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
72. ਤੁਹਾਡੀ ਮਾਂ ਤੁਹਾਨੂੰ ਦੱਸਦੀ ਹੈ ਕਿ ਉਹ ਤੁਹਾਨੂੰ ਪਿਆਰ ਕਰਦੀ ਹੈ ਅਤੇ ਤੁਹਾਨੂੰ ਵੀ ਉਸ ਨਾਲ ਪਿਆਰ ਕਰਨਾ ਚਾਹੀਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
73. ਤੁਹਾਡਾ ਦੋਸਤ ਤੁਹਾਨੂੰ ਕੁਝ ਅਜਿਹਾ ਖਾਣ ਲਈ ਕਹਿੰਦਾ ਹੈ ਜਿਸ ਬਾਰੇ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਨਹੀਂ ਖਾਣਾ ਚਾਹੀਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
74. ਜਦ ਤਕ ਤੁਹਾਡਾ ਪਰਿਵਾਰ ਘਰ ਨਹੀਂ ਖ਼ਰੀਦ ਲੈਂਦਾ, ਤੁਹਾਨੂੰ ਆਪਣੀ ਦਾਦੀ ਦੇ ਘਰ ਹੀ ਰਹਿਣਾ ਪਵੇਗਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
75. ਤੁਹਾਡੇ ਮਾਪੇ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਲਈ ਸਟੋਰ 'ਤੇ ਜਾਓ ਪਰ ਬਹੁਤ ਗਰਮੀ ਹੈ ਅਤੇ ਸਟੋਰ ਬਹੁਤ ਦੂਰ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
76. ਤੁਹਾਨੂੰ ਪਤਾ ਚੱਲਿਆ ਹੈ ਕਿ ਤੁਹਾਡੇ ਭਰਾ ਨੇ ਤੁਹਾਡੇ ਪਿਤਾ ਦੇ ਪੈਸੇ ਚੋਰੀ ਕੀਤੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
77. ਤੁਹਾਡੇ ਪਿਤਾ ਚਾਹੁੰਦੇ ਹਨ ਕਿ ਤੁਸੀਂ ਕੂੜਾ ਚੁੱਕ ਕੇ ਬਾਹਰ ਰੱਖੋ ਪਰ ਬਾਹਰ ਹਨੇਰਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
78. ਜਦੋਂ ਤੁਸੀਂ ਆਪਣੇ ਦੋਸਤਾਂ ਨਾਲ ਘੁੰਮ ਰਹੇ ਹੋ, ਤਾਂ ਉਹ ਤੁਹਾਨੂੰ ਸਟੋਰ ਤੋਂ ਕੁੱਝ ਚੋਰੀ ਕਰਨ ਲਈ ਚੁਣੌਤੀ ਦਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
79. ਸਕੂਲ ਵਿੱਚ ਤੁਹਾਡਾ ਅਧਿਆਪਕ ਕਹਿੰਦਾ ਹੈ ਕਿ ਪ੍ਰਮਾਤਮਾ ਹੈ ਹੀ ਨਹੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
80. ਤੁਸੀਂ ਆਪਣੇ ਚੰਗੇ ਨੰਬਰਾਂ ਦੇ ਵਜੀਫੇ ਲਈ ਪ੍ਰਾਰਥਨਾ ਕਰ ਰਹੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
81. ਤੁਹਾਡੇ ਦੋਸਤ ਤੁਹਾਨੂੰ ਆਪਣੇ ਗੁਆਂਢੀ ਦੇ ਰੁੱਖਾਂ ਤੋਂ ਫਲ ਚੋਰੀ ਕਰਨ ਲਈ ਕਹਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
82. ਤੁਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਆਪਣੇ ਗੁਆਂਢੀ ਦੀ ਘੰਟੀ ਵਜਾਓ ਅਤੇ ਭੱਜ ਜਾਓ, ਪਰ ਤੁਹਾਡੇ ਮਾਪਿਆਂ ਨੇ ਤੁਹਾਨੂੰ ਅਜਿਹਾ ਕਰਨ ਲਈ ਮਨ੍ਹਾਂ ਕੀਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
83. ਤੁਹਾਡਾ ਅਧਿਆਪਕ ਤੁਹਾਨੂੰ ਇੱਕ ਖ਼ਾਸ ਕਿਤਾਬ ਪੜ੍ਹਨ ਲਈ ਕਹਿੰਦਾ ਹੈ, ਪਰ ਤੁਸੀਂ ਇੱਕ ਵੱਖਰੀ ਕਿਤਾਬ ਪੜ੍ਹਨਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
84. ਤੁਹਾਡੀ ਮਾਂ ਨੇ ਤੁਹਾਨੂੰ ਉਸ ਲਈ ਪ੍ਰਾਰਥਨਾ ਕਰਨ ਲਈ ਕਿਹਾ ਹੈ ਕਿਉਂਕਿ ਉਸ ਦੇ ਸਿਰ ਵਿੱਚ ਦਰਦ ਹੈ, ਅਤੇ ਉਹ ਤੁਹਾਨੂੰ ਦੱਸਦੀ ਹੈ ਕਿ ਉਹ ਪ੍ਰਾਰਥਨਾ ਉਸ ਦੇ ਸਰ ਦਾ ਦਰਦ ਦੂਰ ਕਰ ਦੇਵੇਗੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
85. ਇੱਕ ਬੱਚਾ ਤੁਹਾਡੇ ਸਕੂਲ ਵਿੱਚ ਹਮੇਸ਼ਾ ਦੁਖੀ ਰਹਿੰਦਾ ਹੈ ਕਿਉਂਕਿ ਉਸ ਕੋਲ ਦੁਪਹਿਰ ਦਾ ਖਾਣਾ ਨਹੀਂ ਹੁੰਦਾ ਅਤੇ ਉਸ ਕੋਲ ਪੈਸੇ ਵੀ ਨਹੀਂ ਹੁੰਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
86. ਚਰਚ ਦੇ ਪਾਦਰੀ ਨੇ ਤੁਹਾਨੂੰ ਬੱਚਿਆਂ ਨੂੰਪੜ੍ਹਾਉਣ ਵਿੱਚ ਉਸਦੀ ਮਦਦ ਕਰਨ ਲਈ ਕਿਹਾ ਪਰ ਤੁਹਾਨੂੰ ਯਕੀਨ ਨਹੀਂ ਹੈ ਕਿ ਉਹ ਤੁਹਾਡੇ ਵੱਲ ਧਿਆਨ ਦੇਣਗੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
87. ਤੁਹਾਡੇ ਸਕੂਲ ਵਿੱਚ ਉਹ ਤੁਹਾਨੂੰ ਇੱਕ ਅਨਾਥ ਆਸ਼ਰਮ ਵਿੱਚ ਇਹ ਦਿਖਾਉਣ ਲਈ ਲੈ ਕੇ ਗਏ ਕਿ ਬੱਚੇ ਇੱਥੇ ਇਕੱਲੇ ਕਿਵੇਂ ਰਹਿੰਦੇ ਹਨ, ਅਤੇ ਫਿਰ ਉਨ੍ਹਾਂ ਨੇ ਤੁਹਾਡੇ ਗਰੁੱਪ ਨੂੰ ਉਨ੍ਹਾਂ ਬੱਚਿਆਂ ਦੀ ਮਦਦ ਕਰਨ ਲਈ ਕਿਹਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
88. ਤੁਹਾਨੂੰ ਆਪਣੀ ਗ੍ਰੈਜੂਏਸ਼ਨ ਲਈ ਕਾਲੀ ਪੈਂਟ ਪਾਉਣੀ ਪੈਣੀ ਹੈ। ਤੁਹਾਡੇ ਮਾਪੇ ਤੁਹਾਡੇ ਲਈ ਨਵੀਂ ਪੈਂਟ ਨਹੀਂ ਖ਼ਰੀਦ ਸਕਦੇ, ਇਸ ਲਈ ਤੁਹਾਨੂੰ ਪੈਂਟ ਆਪਣੇ ਕਜ਼ਨ ਤੋਂ ਮੰਗਣੀ ਪਵੇਗੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

89. ਇੱਕ ਸਹਿਪਾਠੀ ਤੁਹਾਡਾ ਨਾਮ ਇੱਕ ਪ੍ਰੋਜੈਕਟ ਵਿੱਚ ਜੋੜਨਾ ਚਾਹੁੰਦਾ ਹੈ, ਜਦੋਂ ਕਿ ਤੁਸੀਂ ਕੁੱਝ ਕੀਤਾ ਵੀ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
90. ਤੁਸੀਂ ਐਕਟੀਵਿਟੀਆਂ 'ਚ ਮਦਦ ਕਰਨ ਲਈ ਆਪਣੀ ਚਰਚ ਗਏ ਅਤੇ ਉਨ੍ਹਾਂ ਨੇ ਤੁਹਾਨੂੰ ਕਰਨ ਲਈ ਕੁੱਝ ਵੀ ਨਹੀਂ ਦਿੱਤਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
91. ਇੱਕ ਬੱਚਾ ਤੁਹਾਡੇ ਤੋਂ ਤੁਹਾਡਾ ਦੁਪਹਿਰ ਦਾ ਖਾਣਾ ਮੰਗਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
92. ਇੱਕ ਦਿਨ ਤੁਸੀਂ ਆਪਣੇ ਦੋਸਤ ਤੋਂ ਪਾਣੀ ਮੰਗਿਆ, ਪਰ ਉਸਨੇ ਤੁਹਾਨੂੰ ਨਹੀਂ ਦਿੱਤਾ। ਤੁਹਾਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਹ ਉਸਦਾ ਹੈ ਅਤੇ ਉਹ ਇਹ ਤੁਹਾਨੂੰ ਨਹੀਂ ਦੇਣਾ ਚਾਹੁੰਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
93. ਇੱਕ ਸਹਿਪਾਠੀ ਜੋ ਬਹੁਤ ਗੰਦਾ ਹੈ ਅਤੇ ਜਿਸ ਵਿਚੋਂ ਗੰਦੀ ਬਦਬੂ ਆ ਰਹੀ ਹੈ ਉਹ ਤੁਹਾਡੇ ਗਰੁੱਪ 'ਚ ਆਉਣਾ ਚਾਹੁੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
94. ਇੱਕ ਦਿਨ ਸੜਕ 'ਤੇ ਇੱਕ ਲੜਕਾ ਤੁਹਾਨੂੰ ਨਸ਼ੇ ਔਫਰ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
95. ਕਲਾਸ ਵਿਚ ਇੱਕ ਲੜਕੀ ਮੇਜ਼ ਤੇ ਆਪਣੇ ਪੈਸੇ ਭੁੱਲ ਜਾਂਦੀ ਹੈ ਅਤੇ ਤੁਹਾਡੇ ਇਲਾਵਾ ਕੋਈ ਨੋਟਿਸ ਨਹੀਂ ਕਰਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
96. ਤੁਹਾਡੀ ਅਧਿਆਪਿਕਾ ਕਲਾਸ ਵਿਚ ਕੁੱਝ ਗ਼ਲਤ ਸਿਖਾ ਰਹੀ ਹੈ, ਅਤੇ ਉਹ ਜੋ ਕੁੱਝ ਵੀ ਕਹਿ ਰਹੀ ਹੈ ਉਹ ਗ਼ਲਤ ਹੈ ਅਤੇ ਹਰ ਕੋਈ ਉਸ 'ਤੇ ਹੱਸ ਰਿਹਾ ਹੈ, ਪਰ ਤੁਸੀਂ ਨਹੀਂ ਜਾਣਦੇ ਕਿ ਕੀ ਕਰਨਾ ਚਾਹੀਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
97. ਤੁਹਾਡੇ ਸਹਿਪਾਠੀ ਤੁਹਾਨੂੰ ਡਰਪੋਕ ਕਹਿੰਦੇ ਹਨ ਕਿਉਂਕਿ ਤੁਸੀਂ ਕੁੜੀਆਂ ਦੇ ਨਾਲ ਬਾਹਰ ਜਾਣਾ ਪਸੰਦ ਨਹੀਂ ਕਰਦੇ ਹੋ, ਪਰ ਤੁਸੀਂ ਜਾਣਦੇ ਹੋ ਕਿ ਤੁਸੀਂ ਇੱਕ ਲੜਕੀ ਨੂੰ ਮਿਲਣ ਲਈ ਸਹੀ ਸਮੇਂ ਦਾ ਇੰਤਜ਼ਾਰ ਕਰ ਰਹੇ ਹੋ, ਜੋ ਪ੍ਰਮਾਤਮਾ ਨੇ ਤੁਹਾਡੇ ਲਈ ਚੁਣੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
98. ਸਕੂਲ ਵਿਚ ਸਾਰੇ ਇੱਕ-ਦੂਜੇ ਦੇ ਹੋਮ-ਵਰਕ ਦੀ ਨਕਲ ਕਰਦੇ ਹਨ ਅਤੇ ਤੁਸੀਂ ਆਪਣਾ ਜੋ ਹੋਮ-ਵਰਕ ਅੱਜ ਦੇਣਾ ਹੈ ਉਹ ਨਹੀਂ ਕੀਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
99. ਤੁਹਾਡੇ ਇਲਾਕੇ ਦੇ ਬਾਕੀ ਬੱਚਿਆਂ ਦਾ ਵਿਹਾਰ ਚੰਗਾ ਨਹੀਂ ਹੈ ਅਤੇ ਤੁਹਾਡੇ ਪਿਤਾ ਜੀ ਨੇ ਤੁਹਾਨੂੰ ਉਨ੍ਹਾਂ ਨਾਲ ਖੇਡਣ ਤੋਂ ਮਨ੍ਹਾ ਕੀਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
100. ਇੱਕ ਅਜਿਹਾ ਸ਼ਰਾਰਤੀ ਬੱਚਾ ਜਿਸਨੂੰ ਤੁਸੀਂ ਹਮੇਸ਼ਾ ਦੂਜਿਆਂ ਨਾਲ ਝਗੜਦੇ ਹੋਏ ਦੇਖਿਆ ਹੈ, ਉਹ ਤੁਹਾਨੂੰ ਆਪਣਾ ਦੋਸਤ ਬਣਾਉਣਾ ਚਾਹੁੰਦਾ ਹੈ, ਅਤੇ ਤੁਹਾਡੇ ਤੋਂ ਮਦਦ ਮੰਗਦਾ ਹੈ ਕਿਉਂਕਿ ਉਸਨੂੰ ਇਕੱਲਾਪਣ ਮਹਿਸੂਸ ਹੁੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
101. ਇੱਕ ਬੱਚਾ ਤੁਹਾਨੂੰ ਡਰਪੋਕ ਕਹਿੰਦਾ ਹੈ ਕਿਉਂਕਿ ਤੁਸੀਂ ਆਪਣੇ ਸਹਿਪਾਠੀਆਂ ਨਾਲ ਲੜਦੇ ਨਹੀਂ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
102. ਇੱਕ ਦਿਨ ਤੁਹਾਡੇ ਚਰਚ ਦੇ ਇੱਕ ਲੀਡਰ ਤੁਹਾਨੂੰ ਕਹਿੰਦੇ ਹਨ ਕਿ ਤੁਸੀਂ ਕਦੇ ਵੀ ਪ੍ਰਮਾਤਮਾ ਦੇ ਕਿਸੇ ਕੰਮ ਨਹੀਂ ਆਉਗੇ ਅਤੇ ਤੁਹਾਨੂੰ ਬੁਰਾ ਲੱਗਦਾ ਹੈ, ਕਿਉਂਕਿ ਅਜਿਹਾ ਲੱਗਦਾ ਹੈ ਕਿ ਜਿਵੇਂ ਪ੍ਰਮਾਤਮਾ ਨੇ ਤੁਹਾਨੂੰ ਹੁਣ ਤੱਕ ਕਿਸੇ ਕੰਮ ਲਈ ਨਹੀਂ ਬੁਲਾਇਆ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
103. ਤੁਹਾਡੀ ਅਧਿਆਪਿਕਾ ਆਪਣੇ ਮੂੰਹ 'ਚੋਂ ਗੰਮ ਕੱਢਦੀ ਹੈ ਅਤੇ ਤੁਹਾਨੂੰ ਖਾਣ ਨੂੰ ਦਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ) ਹਾ ਹਾ ਹਾ!
104. ਤੁਹਾਡੇ ਚਰਚ ਦੇ ਪਾਦਰੀ ਨੇ ਤੁਹਾਨੂੰ ਹਫ਼ਤੇ 'ਚ ਇੱਕ ਵਾਰ ਚਰਚ ਵਿੱਚ ਝਾੜੂ ਲਾਉਣ ਲਈ ਕਿਹਾ ਅਤੇ ਤੁਹਾਨੂੰ ਅਜਿਹਾ ਕਰਨਾ ਪਸੰਦ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
105. ਸੰਡੇ ਸਕੂਲ ਵਿੱਚ ਤੁਹਾਡੇ ਅਧਿਆਪਕ ਨੇ ਸਾਰਿਆਂ ਨੂੰ ਕੈਂਡੀ ਦਿੱਤੀ, ਪਰ ਤੁਹਾਡੇ ਤੋਂ ਇੱਕ ਛੋਟੇ ਬੱਚੇ ਨੂੰ ਇੱਕ ਵੀ ਨਹੀਂ ਮਿਲੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
106. ਤੁਹਾਡੀ ਮਾਤਾ ਨੇ ਤੁਹਾਨੂੰ ਕਿਹਾ ਕਿ ਤੁਹਾਡੇ ਪਿਤਾ ਤੁਹਾਨੂੰ ਪਿਆਰ ਨਹੀਂ ਕਰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
107. ਤੁਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਉਹਨਾਂ ਦੇ ਨਾਲ ਮਿਲ ਕੇ ਗ੍ਰਾਫੀਟੀ ਬਣਾਓ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
108. ਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਉਹਨਾਂ ਦੇ ਨਾਲ ਮਿਲਕੇ ਖਿੜਕੀਆਂ ਦੀ ਤੋੜ-ਫੋੜ ਕਰੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
109. ਤੁਹਾਡੇ ਸੰਡੇ ਸਕੂਲ ਦੇ ਅਧਿਆਪਕ ਨੇ ਤੁਹਾਨੂੰ ਕਿਹਾ ਕਿ ਤੁਸੀਂ ਇੱਕ ਚੰਗੇ ਲੜਕੇ ਹੋ, ਪਰ ਤੁਹਾਨੂੰ ਆਪਣੇ ਵਿਹਾਰ ਨੂੰ ਥੋੜ੍ਹਾ ਬਿਹਤਰ ਕਰਨਾ ਪਵੇਗਾ। ਤੁਸੀਂ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਮੰਨਣਾ ਨਹੀਂ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
110. ਤੁਹਾਡਾ ਇੱਕ ਦੋਸਤ ਤੁਹਾਨੂੰ ਤੁਹਾਡੇ ਗੁਆਂਢੀ ਨੂੰ ਪਰੇਸ਼ਾਨ ਕਰਨ ਲਈ ਬੁਲਾਉਂਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
111. ਤੁਹਾਨੂੰ ਪਤਾ ਲੱਗਿਆ ਕਿ ਤੁਹਾਡਾ ਸਭ ਤੋਂ ਚੰਗਾ ਦੋਸਤ ਤੁਹਾਡੇ ਦੁਪਹਿਰ ਦੇ ਖਾਣੇ ਦੇ ਪੈਸੇ ਚੋਰੀ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
112. ਤੁਹਾਡੇ ਪਾਦਰੀ ਤੁਹਾਨੂੰ ਬਿਮਾਰਾਂ ਲਈ ਅਰਦਾਸ ਕਰਨ ਲਈ ਉਨ੍ਹਾਂ ਦੇ ਨਾਲ ਹਸਪਤਾਲ ਵਿੱਚ ਚੱਲਣ ਲਈ ਕਹਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
113. ਤੁਹਾਡੀ ਮਾਤਾ ਨੇ ਤੁਹਾਨੂੰ ਉਸ ਆਂਟੀ ਕੋਲ ਜਾਣ ਨੂੰ ਕਿਹਾ ਜੋ ਤੁਹਾਨੂੰ ਪਸੰਦ ਨਹੀਂ ਕਰਦੀ ਹੈ ਅਤੇ ਤੁਹਾਨੂੰ ਹਮੇਸ਼ਾ ਝਿੜਕਦੀ ਰਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
114. ਤੁਹਾਡੀ ਮਾਤਾ ਨੂੰ ਚੰਗਾ ਨਹੀਂ ਲੱਗ ਰਿਹਾ ਹੈ ਅਤੇ ਉਹ ਤੁਹਾਨੂੰ ਆਪਣੇ ਲਈ ਅਰਦਾਸ ਕਰਨ ਨੂੰ ਕਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
115. ਤੁਹਾਡੀ ਮਾਤਾ ਨੇ ਤੁਹਾਡੇ ਭਰਾ ਨੂੰ ਤੁਹਾਡੇ ਤੋਂ ਜ਼ਿਆਦਾ ਖਾਣਾ ਦਿੱਤਾ, ਪਰ ਉਨ੍ਹਾਂ ਨੇ ਤੁਹਾਨੂੰ ਸਮਝਾਇਆ ਕਿ ਕਿਉਂਕਿ ਉਹ ਇੱਕ ਜਵਾਨ ਵਿਅਕਤੀ ਹੈ, ਇਸ ਲਈ ਉਹ ਤੁਹਾਡੇ ਤੋਂ ਜ਼ਿਆਦਾ ਖਾਣਾ ਖਾਂਦਾ ਹੈ, ਅਤੇ ਤੁਹਾਨੂੰ ਆਪਣੀ ਮਾਤਾ ਦੀ ਸਮਝਾਈ ਹੋਈ ਇਹ ਗੱਲ ਮੰਨਣੀ ਪਵੇਗੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
116. ਤੁਹਾਡੇ ਸਭ ਤੋਂ ਚੰਗੇ ਦੋਸਤ ਨੇ ਤੁਹਾਨੂੰ ਕਿਹਾ ਕਿ ਤੁਸੀਂ ਟੈਸਟ 'ਚ ਉਸਦੀ ਨਕਲ ਕਰਨ 'ਚ ਮਦਦ ਕਰੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
117. ▯▯▯▯-▯▯▯-▯▯▯▯ ਵਿੱਚ ਤੁਹਾਡਾ ਖਿਡੌਣਾ ਸਭ ਤੋਂ ਪੁਰਾਣਾ ਸੀ, ਪਰ ਤੁਸੀਂ ਜਾਣਦੇ ਹੋ ਕਿ ਤੁਹਾਡੇ ਮਾਤਾ-ਪਿਤਾ ਦੇ ਕੋਲ ਤੁਹਾਡੇ ਲਈ ਨਵੇਂ ਖਿਡੌਣੇ ਖ਼ਰੀਦਣ ਲਈ ਪੈਸੇ ਨਹੀਂ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
118. ਤੁਹਾਡੇ ਦੋਸਤ ਫੁੱਟਬਾਲ ਖੇਡਣ ਵੇਲੇ ਤੁਹਾਨੂੰ ਨਾਲ ਨਹੀਂ ਖਿਡਾਉਂਦੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
119. ਇੱਕ ਦੋਸਤ ਤੁਹਾਨੂੰ ਕਹਿੰਦਾ ਹੈ ਕਿ ਕਿਸੇ ਪ੍ਰੀਖਿਆ ਵਿੱਚ ਪਾਸ ਹੋਣ ਲਈ ਅਧਿਆਪਕ ਦੇ ਡੈਸਕ ਤੋਂ ਜਵਾਬ ਚੋਰੀ ਕਰਨਾ ਜ਼ਰੂਰੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
120. ਕੁੱਝ ਬੱਚੇ ਇੱਕ ਕੁੱਤੇ ਦੇ ਪਿੱਲਿਆਂ ਨੂੰ ਮਾਰ ਰਹੇ ਹਨ ਅਤੇ ਤੁਸੀਂ ਉੱਥੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
121. ਇੱਕ 20 ਡਾਲਰ ਦਾ ਨੋਟ ਸਟੋਰ ਦੇ ਕਾਊਂਟਰ 'ਤੇ ਰੱਖਿਆ ਹੈ ਅਤੇ ਕਿਸੇ ਦੀ ਨਜ਼ਰ ਉਸ 'ਤੇ ਨਹੀਂ ਪਈ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
122. ਤੁਹਾਡੇ ਪਿਤਾ ਜੀ ਨੇ ਤੁਹਾਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਖਾਣਾ ਪਾਉਣ ਲਈ ਕਿਹਾ, ਪਰ ਤੁਹਾਡਾ ਮਨ ਪਸੰਦ ਟੀਵੀ ਸ਼ੋ ਸ਼ੁਰੂ ਹੋਣ ਵਾਲਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
123. ਤੁਹਾਡੀ ਮੰਮੀ ਤੁਹਾਨੂੰ ਚਰਚ ਦੇ ਬਾਥਰੂਮਾਂ ਦੀ ਸਫ਼ਾਈ ਕਰਨ ਲਈ ਕਹਿੰਦੀ ਹੈ, ਪਰ ਤੁਸੀਂ ਸਫ਼ਾਈ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਹ ਗੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
124. ਟੀਵੀ 'ਤੇ ਤੁਸੀਂ ਇੱਕ ਵਿਅਕਤੀ ਨੂੰ ਇਹ ਕਹਿੰਦੇ ਹੋਏ ਸੁਣਦੇ ਹੋ ਕਿ ਰੱਬ ਹੈ ਹੀ ਨਹੀਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
125. ਤੁਹਾਡਾ ਪੂਰਾ ਪਰਿਵਾਰ ਪੈਦਲ ਘੁੰਮਣ ਲਈ ਨਿੱਕਲਦਾ ਹੈ ਅਤੇ ਉਹਨਾਂ ਨੂੰ ਇੱਕ ਅਪੰਗ ਵਿਅਕਤੀ ਮਿਲਦਾ ਹੈ ਜੋ ਖਾਣਾ-ਖਾਣ ਲਈ ਮਦਦ ਮੰਗ ਰਿਹਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
126. ਚਰਚ ਵਿੱਚ ਇੱਕ ਸਹਿਪਾਠੀ ਤੁਹਾਡੇ ਬਾਰੇ ਕੁੱਝ ਝੂਠ ਬੋਲਦਾ ਹੈ ਅਤੇ ਤੁਹਾਡੇ ਕੋਲ ਸੱਚਾਈ ਸਾਹਮਣੇ ਆਉਣ ਦਾ ਇੰਤਜ਼ਾਰ ਕਰਨ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
127. ਤੁਹਾਡੇ ਭਰਾ ਦਾ ਇੱਕ ਦੋਸਤ ਤੁਹਾਡੇ ਘਰ ਵਿੱਚ ਰਾਤ ਰੁਕ ਰਿਹਾ ਹੈ, ਅਤੇ ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਉਸਨੂੰ ਆਪਣਾ ਬੈੱਡ ਦੇਣ ਲਈ ਕਹਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
128. ਤੁਹਾਡੇ ਪਰਿਵਾਰ ਵਿੱਚ ਤੁਸੀਂ ਇੱਕ ਨਵੇਂ ਮਕਾਨ ਲਈ ਪ੍ਰਾਰਥਨਾ ਕਰ ਰਹੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
129. ਤੁਹਾਡੇ ਦਾਦਾ ਜੀ ਤੁਹਾਨੂੰ ਬਰਾਂਡਾ ਸਾਫ ਕਰਨ ਵਿੱਚ ਆਪਣੀ ਮਦਦ ਕਰਨ ਲਈ ਕਹਿੰਦੇ ਹਨ ਪਰ ਤੁਹਾਡੀਆਂ ਗਰਮੀ ਦੀਆਂ ਛੁੱਟੀਆਂ ਚੱਲ ਰਹੀਆਂ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
130. ਤੁਸੀਂ ਆਪਣੇ ਗੁਆਂਢੀ ਦੇ ਮੁੰਡੇ ਨੂੰ ਕਰਿਆਨੇ ਦੀ ਦੁਕਾਨ ਤੋਂ ਸਮਾਨ ਚੋਰੀ ਕਰਦੇ ਹੋਏ ਦੇਖਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
131. ਇੱਕ ਸਹਿਪਾਠੀ ਕੋਲ ਸਵੇਰ ਦਾ ਖਾਣਾ ਖ਼ਰੀਦਣ ਲਈ ਪੈਸੇ ਨਹੀਂ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
132. ਚਰਚ ਵਿੱਚ ਉਪਦੇਸ਼ ਦੇਣ ਦੀ ਤੁਹਾਡੀ ਵਾਰੀ ਹੈ ਅਤੇ ਤੁਸੀਂ ਇਹ ਸੋਚਕੇ ਬੇਚੈਨ ਹੋ ਰਹੇ ਹੋ ਕਿ ਵਧੀਆ ਤੋਂ ਵਧੀਆ ਕਰਨਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ?

(ਵਿਸ਼ਵਾਸ)
133. ਤੁਹਾਡੇ ਬਹੁਤ ਸਾਰੇ ਦੋਸਤ ਬਗੈਰ ਆਗਿਆ ਦੇ ਤੁਹਾਨੂੰ ਆਰਕੇਡ ਲੈ ਜਾਣਾ ਚਾਹੁੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
134. ਤੁਸੀਂ ਆਪਣਾ ਹੋਮ-ਵਰਕ ਪੂਰਾ ਨਹੀਂ ਕਰਨਾ ਚਾਹੁੰਦੇ ਕਿਉਂਕਿ ਤੁਸੀਂ ਆਲਸ ਕਰ ਰਹੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
135. ਤੁਹਾਡੇ ਦੋਸਤ ਦੀ ਪਾਰਟੀ ਵਿੱਚ ਸਾਰੇ ਲੋਕ ਵਧੀਆ-ਵਧੀਆ ਕੱਪੜੇ ਪਾਕੇ ਆਉਣਗੇ ਪਰ ਤੁਹਾਡੇ ਮਾਤਾ-ਪਿਤਾ ਕੋਲ ਤੁਹਾਡੇ ਲਈ ਵਧੀਆ ਕੱਪੜੇ ਖ਼ਰੀਦਣ ਲਈ ਪੈਸੇ ਨਹੀਂ ਹਨ। ਕਿਹੜਾ ਹੀਰੇ ਤੁਹਾਡੀ ਮਦਦ ਕਰੇਗਾ? (ਨਿਮਰਤਾ)
136. ਤੁਸੀਂ ਇੱਕ □□□□□□□ ਨੂੰ ਦੇਖਦੇ ਹੋ ਕਿ ਉਹ ਇੱਕ ਛੋਟੇ ਬੱਚੇ ਨੂੰ ਗ਼ਲਤ ਖੁੱਲ੍ਹੇ-ਪੈਸੇ ਦੇ ਰਿਹਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
137. ਇੱਕ ਸਹਿਪਾਠੀ ਤੁਹਾਨੂੰ ਕਿਸੇ ਦੂਜੇ ਬੱਚੇ ਨੂੰ ਲੱਤ ਅੜਕਾਕੇ ਡੇਗਣ ਨੂੰ ਕਹਿੰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
138. ਅੱਜ ਸ਼ਨੀਵਾਰ ਦੀ ਸਵੇਰ ਹੈ ਅਤੇ ਤੁਹਾਡੇ ਦਾਦਾ-ਦਾਦੀ ਮਿਲਣ ਆਉਣ ਵਾਲੇ ਹਨ। ਉਹਨਾਂ ਦੇ ਆਉਣ ਤੋਂ ਪਹਿਲਾਂ ਤੁਹਾਡੇ ਮਾਤਾ-ਪਿਤਾ ਤੁਹਾਨੂੰ ਆਪਣਾ ਕਮਰਾ ਸਾਫ਼ ਕਰਨ ਲਈ ਕਹਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
139. ਤੁਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਚਿੜੀਆਘਰ ਦੇ ਜਾਨਵਰਾਂ ਨੂੰ ਪਰੇਸ਼ਾਨ ਕਰੋਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
140. ਤੁਹਾਡਾ ਭਰਾ ਤੁਹਾਨੂੰ ਕਹਿੰਦਾ ਹੈ ਕਿ ਤੁਹਾਡੇ ਮਾਤਾ-ਪਿਤਾ ਤੁਹਾਨੂੰ ਪਿਆਰ ਨਹੀਂ ਕਰਦੇ ਕਿਉਂਕਿ ਉਹ ਤੁਹਾਨੂੰ ਬਹੁਤ ਝਿੜਕਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
141. ਇੱਕ ਦੋਸਤ ਚਾਹੁੰਦਾ ਹੈ ਕਿ ਤੁਸੀਂ ਉਹਨਾਂ ਦੇ ਨਾਲ ਇੱਕ ਅਜਿਹੀ ਥਾਂ 'ਤੇ ਚੱਲੋਂ ਜਿੱਥੇ ਬਹੁਤ ਸਾਰੇ ਜਾਨਵਰ ਹਨ ਪਰ ਤੁਹਾਨੂੰ ਜਾਨਵਰ ਪਸੰਦ ਨਹੀਂ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

142. ਤੁਸੀਂ ਚਰਚ ਦੀ ਕਲਾਸ ਵਿੱਚ ਦੇਰ ਨਾਲ ਪਹੁੰਚੇ ਕਿਉਂਕਿ ਤੁਹਾਨੂੰ ਸਮੇਂ ਦਾ ਧਿਆਨ ਨਹੀਂ ਰਿਹਾ ਅਤੇ ਜਦੋਂ ਤੁਹਾਡੇ ਅਧਿਆਪਕ ਤੁਹਾਨੂੰ ਪੁੱਛਦੇ ਹਨ ਕਿ ਤੁਸੀਂ ਦੇਰ ਨਾਲ ਕਿਉਂ ਆਏ ਤਾਂ ਉਦੋਂ ਤੁਸੀਂ ਝੂਠ ਬੋਲਣਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
143. ਚਰਚ ਵਿੱਚ ਇੱਕ ਗਾਉਣ ਦਾ ਮੁਕਾਬਲਾ ਹੈ ਅਤੇ ਇੱਕ ਜਣੇ ਨੇ ਚੰਗਾ ਨਹੀਂ ਗਾਇਆ ਅਤੇ ਸਾਰਿਆਂ ਨੇ ਉਸਦਾ ਮਜ਼ਾਕ ਉਡਾਇਆ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
144. ਬੱਚਿਆਂ ਦੀ ਮੀਟਿੰਗ ਵਿੱਚ ਇੱਕ ਲੜਕੀ ਨੇ ਆਪਣੇ ਬਿਮਾਰ ਭਰਾ ਲਈ ਅਰਦਾਸ ਕਰਨ ਲਈ ਬੇਨਤੀ ਕੀਤੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
145. ਤੁਹਾਡੇ ਦੋਸਤ ਤੁਹਾਨੂੰ ਨਦੀ ਵਿੱਚ ਤੈਰਨ ਨੂੰ ਬੁਲਾਉਂਦੇ ਹਨ, ਪਰ ਤੁਹਾਡੇ ਪਿਤਾ ਤੁਹਾਨੂੰ ਕਹਿੰਦੇ ਹਨ ਕਿ ਇਹ ਬਹੁਤ ਖ਼ਤਰਨਾਕ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
146. ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਆਪਣੇ ਛੋਟੇ ਭਰਾਵਾਂ ਦਾ ਖ਼ਿਆਲ ਰੱਖਣ ਲਈ ਕਿਹਾ, ਪਰ ਤੁਹਾਡਾ ਛੋਟਾ ਭਰਾ ਤੁਹਾਡੀ ਗੱਲ ਨਹੀਂ ਸੁਣਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
147. ਅਧਿਆਪਕ ਤੁਹਾਨੂੰ ਬੋਰਡ ਸਾਫ਼ ਕਰਨ ਲਈ ਕਹਿੰਦੇ ਹਨ ਪਰ ਇਹ ਇੱਕ ਅਜਿਹੀ ਚੀਜ਼ ਹੈ ਜੋ ਤੁਹਾਨੂੰ ਕਰਨਾ ਪਸੰਦ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
148. ਤੁਹਾਡੇ ਦੋਸਤ ਤੁਹਾਨੂੰ ਗੁਆਂਢੀਆਂ ਨੂੰ ਪ੍ਰੈਂਕ ਕਰਕੇ ਪਰੇਸ਼ਾਨ ਕਰਨ ਲਈ ਬੁਲਾਉਂਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
149. ਤੁਹਾਨੂੰ ਇੱਕ ਪਰਸ ਮਿਲਿਆ ਅਤੇ ਜਦੋਂ ਤੁਸੀਂ ਉਸਨੂੰ ਖੋਲ੍ਹਿਆ ਤਾਂ ਤੁਸੀਂ ਉਸਦੇ ਮਾਲਕ ਦੀ ਜਾਣਕਾਰੀ ਦੇਖ ਲਈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
150. ਤੁਸੀਂ ਆਪਣੇ ਸਾਹਮਣੇ ਇੱਕ ਬੁੱਢੇ ਵਿਅਕਤੀ ਨੂੰ ਇੱਕ ਭਾਰਾ ਬਕਸਾ ਚੁੱਕਦੇ ਹੋਏ ਦੇਖਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
151. ਸਕੂਲ ਦੇ ਸਟੋਰ ਵਿੱਚ ਉਹ ਤੁਹਾਨੂੰ ਰੁਕਣ ਲਈ ਕਹਿੰਦੇ ਹਨ ਤਾਂਕਿ ਉਹ ਪਹਿਲਾਂ ਛੋਟੇ ਬੱਚਿਆਂ ਦੀ ਮਦਦ ਕਰ ਸਕਣ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
152. ਤੁਸੀਂ ਇਸ ਗੱਲ ਵਿੱਚ ਵਿਸ਼ਵਾਸ ਰੱਖਦੇ ਹੋ ਕਿ ਕੁੱਝ ਦੇਣਾ ਕੁੱਝ ਲੈਣ ਨਾਲੋਂ ਚੰਗਾ ਹੈ, ਪਰ ਤੁਹਾਡੇ ਦੋਸਤ ਤੁਹਾਨੂੰ ਉਲਟਾ ਕਹਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
153. ਤੁਹਾਡੇ ਦੋਸਤ ਤੁਹਾਡੇ 'ਤੇ ਦਬਾਅ ਬਣਾ ਰਹੇ ਹਨ ਕਿ ਤੁਸੀਂ ਇਸ ਐਤਵਾਰ ਚਰਚ ਨਾ ਜਾਓ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
154. ਤੁਹਾਡੇ ਗੁਆਂਢੀ ਦੀ ਗੇਂਦ ਤੁਹਾਡੇ ਬਰਾਂਡੇ ਵਿੱਚ ਡਿੱਗ ਗਈ, ਪਰ ਉਹਨਾਂ ਨੂੰ ਨਹੀਂ ਪਤਾ ਹੈ ਕਿ ਉਹ ਕਿੱਥੇ ਗਈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
155. ਤੁਹਾਡੇ ਦੋਸਤ ਦੇ ਪਰਿਵਾਰ ਕੋਲ ਜੋ ਵੀ ਸੀ ਉਹ ਸਭ ਲੁੱਟਿਆ ਗਿਆ, ਅਤੇ ਹੁਣ ਉਹਨਾਂ ਨੂੰ ਮਦਦ ਦੀ ਜ਼ਰੂਰਤ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
156. ਤੁਹਾਡੇ ਪਿਤਾ ਤੁਹਾਨੂੰ ਟੀਵੀ ਬੰਦ ਕਰਨ ਲਈ ਕਹਿੰਦੇ ਹਨ, ਕਿਉਂਕਿ ਜੋ ਪ੍ਰੋਗਰਾਮ ਆ ਰਿਹਾ ਹੈ ਉਹ ਤੁਹਾਡੇ ਲਈ ਚੰਗਾ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
157. ਚਰਚ ਵਿੱਚ ਤੁਹਾਡੀ ਸੀਟ ਆਰਾਮਦਾਇਕ ਹੈ, ਪਰ ਤੁਹਾਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਆਪਣੀ ਸੀਟ ਕਿਸੇ ਹੋਰ ਨੂੰ ਦੇ ਦਿਓ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
158. ਤੁਹਾਨੂੰ ਵਿਸ਼ਵਾਸ ਹੈ ਕਿ ਤੁਸੀਂ ਇੱਕ ਖ਼ਾਸ ਵਿਅਕਤੀ ਹੋ, ਕਿਉਂਕਿ ਬਾਈਬਲ ਇਹ ਕਹਿੰਦੀ ਹੈ; ਪਰ ਸਾਰੇ ਲੋਕ ਤੁਹਾਨੂੰ ਕਹਿੰਦੇ ਹਨ ਕਿ ਤੁਸੀਂ ਕਿਸੇ ਕੰਮ ਦੇ ਨਹੀਂ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
159. ਤੁਹਾਡੇ ਦੋਸਤ ਤੁਹਾਨੂੰ ਗ੍ਰਾਫਿਕ ਸੈਕਸ ਸੀਨ ਵਾਲੀ ਇੱਕ ਮੂਵੀ ਦੇਖਣ ਲਈ ਬੁਲਾਉਂਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
160. ਸਕੂਲ ਵਿੱਚ ਤੁਹਾਨੂੰ ਕਿਸੇ ਦਾ ਗੁਆਚਿਆ ਹੋਇਆ ਪਰਸ ਮਿਲਿਆ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
161. ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਆਪਣੀ ਸਭ ਤੋਂ ਛੋਟੀ ਭੈਣ ਦਾ ਖ਼ਿਆਲ ਰੱਖਣ ਲਈ ਕਿਹਾ ਹੈ, ਪਰ ਤੁਸੀਂ ਬਾਹਰ ਜਾ ਕੇ ਆਪਣੇ ਦੋਸਤਾਂ ਨਾਲ ਖੇਡਣਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
162. ਕਲਾਸ ਵਿੱਚ ਤੁਸੀਂ ਆਪਣੇ ਦੋਸਤਾਂ ਨਾਲ ਬੈਠਦੇ ਹੋ, ਪਰ ਤੁਹਾਡੀ ਅਧਿਆਪਿਕਾ ਤੁਹਾਨੂੰ ਕਿਸੇ ਹੋਰ ਸੀਟ 'ਤੇ ਬੈਠਣ ਲਈ ਕਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
163. ਤੁਸੀਂ ਬਿਮਾਰ ਹੋ, ਅਤੇ ਤੁਸੀਂ ਪਾਦਰੀ ਨੂੰ ਆਪਣੇ ਲਈ ਅਰਦਾਸ ਕਰਨ ਲਈ ਕਹਿੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
164. ਤੁਹਾਡੇ ਦੋਸਤਾਂ ਕੋਲ ਐਡਲਟ ਮੈਗਜ਼ੀਨ ਹਨ, ਅਤੇ ਉਹ ਤੁਹਾਨੂੰ ਉਹ ਦੇਖਣ ਲਈ ਬੁਲਾਉਂਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
165. ਕੋਈ ਤੁਹਾਨੂੰ ਬਹੁਤ ਸਸਤੇ ਵਿੱਚ ਪਾਈਰੇਟਡ ਫਿਲਮਾਂ ਔਫਰ ਕਰਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
166. ਤੁਸੀਂ ਆਪਣੇ ਗੁਆਂਢੀ ਨੂੰ ਕਾਰ ਨੂੰ ਧੱਕਾ ਲਾਉਂਦੇ ਹੋਏ ਦੇਖਦੇ ਹੋ, ਕਿਉਂਕਿ ਉਹ ਚਾਲੂ ਨਹੀਂ ਹੋ ਰਹੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
167. ਤੁਸੀਂ ਆਪਣੇ ਭਰਾਵਾਂ ਨਾਲ ਟੀਵੀ ਦੇਖ ਰਹੇ ਹੋ, ਅਤੇ ਤੁਹਾਡੀ ਮਾਤਾ ਤੁਹਾਨੂੰ ਦੁਕਾਨ ਜਾਣ ਲਈ ਕਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
168. ਤੁਸੀਂ ਆਪਣੀ ਗੇਂਦ ਨਾਲ ਖੇਡ ਰਹੇ ਸੀ ਅਤੇ ਤੁਸੀਂ ਆਪਣੇ ਗੁਆਂਢੀ ਦੇ ਪੌਦਿਆਂ ਨੂੰ ਖ਼ਰਾਬ ਕਰ ਦਿੱਤਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
169. ਤੁਹਾਡੀ ਬਾਈਬਲ ਦੀ ਕਲਾਸ ਵਿੱਚ ਅਧਿਆਪਿਕਾ ਤੁਹਾਨੂੰ ਇੱਕ ਬੀਮਾਰ ਵਿਅਕਤੀ ਲਈ ਅਰਦਾਸ ਕਰਨ ਲਈ ਬੁਲਾਉਂਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
170. ਤੁਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਉਸ ਸਹਿਪਾਠੀ ਨੂੰ ਪਰੇਸ਼ਾਨ ਕਰੋ ਜਿਸਨੂੰ ਤੁਹਾਡੇ ਦੋਸਤ ਪਸੰਦ ਨਹੀਂ ਕਰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
171. ਤੁਸੀਂ ਦੇਖਦੇ ਹੋ ਕਿ ਤੁਹਾਡੀ ਮਾਤਾ ਨੇ ਕੁੱਝ ਸਿੱਕੇ ਕਾਊਂਟਰ ਤੇ ਰੱਖ ਦਿੱਤੇ ਹਨ, ਅਤੇ ਹੁਣ ਉਹ ਘਰ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)
172. ਤੁਹਾਡੀ ਛੋਟੀ ਭੈਣ ਬਰਾਂਡੇ ਵਿੱਚ ਲੱਗੇ ਦਰਖ਼ਤ ਤੋਂ ਇੱਕ ਫਲ ਤੋੜਨਾ ਚਾਹੁੰਦੀ ਹੈ, ਪਰ ਉਹ ਉਸ ਤੱਕ ਪਹੁੰਚ ਨਹੀਂ ਪਾ ਰਹੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)
173. ਤੁਹਾਡੀ ਮਾਤਾ ਤੁਹਾਨੂੰ ਕਚਰਾ ਬਾਹਰ ਸੁੱਟਣ ਲਈ ਕਹਿੰਦੀ ਹੈ, ਪਰ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)
174. ਤੁਸੀਂ ਅਤੇ ਤੁਹਾਡੀ ਛੋਟੀ ਭੈਣ ਦੋਨੋਂ ਕੈਂਡੀ ਚਾਹੁੰਦੇ ਹੋ ਪਰ ਸਿਰਫ਼ ਇੱਕ ਹੀ ਬਚੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)
175. ਤੁਹਾਡੇ ਪਿਤਾ ਤੁਹਾਨੂੰ ਕਹਿੰਦੇ ਹਨ ਕਿ ਉਹ ਤੁਹਾਡੇ ਨਾਲ ਖੇਡਣ ਬਾਹਰ ਜਾ ਰਹੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)
176. ਤੁਹਾਡੇ ਦੋਸਤ ਤੁਹਾਨੂੰ ਆਪਣੇ ਗੁਆਂਢੀ ਦੇ ਬਰਾਂਡੇ ਵਿੱਚ ਖੇਡਣ ਲਈ ਬੁਲਾਉਂਦੇ ਹਨ, ਪਰ ਤੁਸੀਂ ਜਾਣਦੇ ਹੋ ਕਿ ਤੁਹਾਡੇ ਗੁਆਂਢੀ ਨੂੰ ਇਹ ਪਸੰਦ ਨਹੀਂ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)
177. ਤੁਹਾਡੇ ਦੋਸਤ ਕੋਲ ਬਹੁਤ ਸਾਰੇ ਵੀਡੀਓ ਗੇਮ ਹਨ, ਅਤੇ ਤੁਸੀਂ ਉਨ੍ਹਾਂ ਵਿੱਚੋਂ ਇੱਕ ਨੂੰ ਚੋਰੀ ਕਰਨਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

178. ਤੁਸੀਂ ਆਪਣੀ ਮਾਤਾ ਨੂੰ ਬਰਾਂਡੇ ਵਿੱਚ ਖੁਦ ਹੀ ਭਾਰੇ ਡੰਡੇ ਚੁੱਕਦੇ ਹੋਏ ਦੇਖਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

179. ਤੁਹਾਡੀ ਮਾਤਾ ਨੇ ਤੁਹਾਨੂੰ ਕਿਹਾ ਕਿ ਤੁਸੀਂ ਓਦੋਂ ਤਕ ਨਹੀਂ ਖੇਡ ਸਕਦੇ ਜਦੋਂ ਤਕ ਤੁਹਾਡਾ ਹੋਮ-ਵਰਕ ਪੂਰਾ ਨਹੀਂ ਹੋ ਜਾਂਦਾ, ਪਰ ਤੁਹਾਡੇ ਦੋਸਤ ਤੁਹਾਡੇ ਲਈ ਆ ਗਏ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)

180. ਤੁਹਾਡੇ ਪਿਤਾ ਨੇ ਤੁਹਾਨੂੰ ਕਿਸੇ ਚੀਜ਼ ਲਈ ਕਿਹਾ ਸੀ ਅਤੇ ਤੁਸੀਂ ਉਹ ਨਹੀਂ ਕੀਤੀ, ਹੁਣ ਉਹ ਤੁਹਾਨੂੰ ਝਿੜਕ ਰਹੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

181. ਤੁਹਾਡੀ ਦਾਦੀ ਹਸਪਤਾਲ ਵਿੱਚ ਹੈ, ਪਰ ਸਾਰੇ ਤੁਹਾਨੂੰ ਕਹਿੰਦੇ ਹਨ ਕਿ ਉਹ ਠੀਕ ਹੋ ਜਾਵੇਗੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)

182. ਇੱਕ ਅਣਜਾਣ ਵਿਅਕਤੀ ਤੁਹਾਡੇ ਕੋਲ ਆਉਂਦਾ ਹੈ ਅਤੇ ਤੁਹਾਨੂੰ ਆਪਣੇ ਨਾਲ ਚੱਲਣ ਨੂੰ ਕਹਿੰਦਾ ਹੈ ਕਿਉਂਕਿ ਉਸਦੇ ਘਰ ਵਿੱਚ ਤੁਹਾਡੇ ਲਈ ਇੱਕ ਤੋਹਫ਼ਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)

183. ਫਰਿੱਜ ਵਿੱਚ ਕੇਕ ਦਾ ਇੱਕ ਟੁਕੜਾ ਹੈ, ਤੁਸੀਂ ਉਹ ਲੈਣਾ ਚਾਹੁੰਦੇ ਹੋ, ਪਰ ਤੁਸੀਂ ਜਾਣਦੇ ਹੋ ਕਿ ਉਹ ਤੁਹਾਡੇ ਭਰਾ ਲਈ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

184. ਇੱਕ ਬੁੱਢੀ ਔਰਤ ਭਾਰੀ ਥੈਲੇ ਚੁੱਕਦੀ ਹੋਈ ਕਰਿਆਨੇ ਦੀ ਦੁਕਾਨ ਤੋਂ ਬਾਹਰ ਨਿੱਕਲ ਰਹੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

185. ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਟੀਵੀ ਬੰਦ ਕਰਕੇ ਸੌਂ ਜਾਣ ਲਈ ਇੱਕ ਘੰਟੇ ਦਾ ਸਮਾਂ ਦਿੱਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)

186. ਇੱਕ ਸਹਿਪਾਠੀ ਤੁਹਾਨੂੰ ਤੰਗ ਕਰ ਰਿਹਾ ਹੈ, ਪਰ ਤੁਸੀਂ ਬਦਲੇ ਵਿੱਚ ਉਸ ਨਾਲ ਅਜਿਹਾ ਨਹੀਂ ਕਰਨਾ ਚਾਹੁੰਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

187. ਤੁਹਾਡੇ ਦੋਸਤ ਕਹਿੰਦੇ ਹਨ ਕਿ ਤੁਹਾਨੂੰ ਚਰਚ ਨਹੀਂ ਜਾਣਾ ਚਾਹੀਦਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)

188. ਤੁਹਾਡੇ ਦੋਸਤ ਚਾਹੁੰਦੇ ਹਨ ਕਿ ਤੁਸੀਂ ਸਹਿਪਾਠੀ ਦੇ ਬੈਕਪੈਕ ਵਿੱਚ ਇੱਕ ਜਾਨਵਰ ਰੱਖੋਂ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)

189. ਤੁਹਾਡੇ ਘਰ ਵਿੱਚ ਕਿਸੇ ਨੇ ਕ੍ਰੇਓਨ ਦਾ ਇੱਕ ਡੱਬਾ ਗੁਆ ਦਿੱਤਾ ਹੈ, ਤੁਹਾਨੂੰ ਨਹੀਂ ਪਤਾ ਕਿ ਕਿਸਨੇ ਉਸ ਡੱਬੇ ਨੂੰ ਗੁਆਇਆ, ਅਤੇ ਤੁਹਾਨੂੰ ਉਨ੍ਹਾਂ ਦੀ ਜ਼ਰੂਰਤ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

190. ਤੁਹਾਡੇ ਸਕੂਲ ਦੇ ਸਭ ਤੋਂ ਛੋਟੇ ਬੱਚੇ ਆਪਣੇ-ਆਪ ਝੂਲਿਆਂ 'ਤੇ ਚੜ੍ਹ ਨਹੀਂ ਪਾ ਰਹੇ ਹਨ। ਤੁਸੀਂ ਉਹਨਾਂ ਨੂੰ ਕੋਸ਼ਿਸ਼ ਕਰਦੇ ਹੋਏ ਦੇਖਦੇ ਹੋ, ਪਰ ਉਹ ਚੜ੍ਹ ਨਹੀਂ ਪਾ ਰਹੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

191. ਤੁਹਾਡੀ ਮਾਤਾ ਨੇ ਤੁਹਾਨੂੰ ਕਿਹਾ ਕਿ ਤੁਹਾਨੂੰ ਆਪਣਾ ਬਿਸਤਰ ਠੀਕ ਕਰਨਾ ਪਵੇਗਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)

192. ਤੁਹਾਡੇ ਪਿਤਾ ਨੇ ਤੁਹਾਨੂੰ ਝਿੜਕਿਆ, ਪਰ ਹੁਣ ਉਹ ਤੁਹਾਨੂੰ ਗਲੇ ਲੱਗਣ ਅਤੇ ਪੱਪੀ ਦੇਣ ਨੂੰ ਕਹਿ ਰਹੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

193. ਤੁਹਾਡੇ ਦੋਸਤ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਤੁਹਾਡਾ ਸਾਥ ਛੱਡ ਦਿੱਤਾ ਹੈ, ਪਰ ਬਾਈਬਲ ਕਹਿੰਦੀ ਹੈ ਕਿ ਪ੍ਰਮਾਤਮਾ ਹਰ ਵੇਲੇ ਤੁਹਾਡੇ ਨਾਲ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)

194. ਤੁਹਾਡੇ ਦੋਸਤ ਤੁਹਾਨੂੰ ਚਰਚ ਦੀਆਂ ਘੰਟੀਆਂ ਵਜਾਉਣ ਲਈ ਚੁਣੌਤੀ ਦਿੰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)

195. ਤੁਸੀਂ ਕਿਸੇ ਨੂੰ ਸਟੋਰ ਵਿੱਚ ਭੁਗਤਾਨ ਕਰਦੇ ਸਮੇਂ ਪੈਸੇ ਗਿਰਾਉਂਦੇ ਹੋਏ ਦੇਖਦੇ ਹੋ। ਤੁਹਾਡੇ ਇਲਾਵਾ ਇਹ ਹੋਰ ਕੋਈ ਨਹੀਂ ਦੇਖਦਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

196. ਇੱਕ ਬੱਚਾ ਉਸ ਕੋਰਟ 'ਤੇ ਡਿੱਗ ਜਾਂਦਾ ਹੈ ਜਿੱਥੇ ਉਹ ਖੇਡ ਰਿਹਾ ਸੀ, ਪਰ ਕੋਈ ਵੀ ਉਸਦੀ ਮਦਦ ਨਹੀਂ ਕਰਨ ਵਾਲਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

197. ਤੁਹਾਡੀ ਮਾਤਾ ਨੇ ਤੁਹਾਨੂੰ ਕਿਸੇ ਵੀ ਕਾਰ ਵਿੱਚ ਬੈਠਣ 'ਤੇ ਸੀਟ-ਬੈਲਟ ਪਹਿਨਣ ਲਈ ਕਿਹਾ ਹੈ, ਪਰ ਤੁਸੀਂ ਦੇਖਦੇ ਹੋ ਕਿ ਕਈ ਬੱਚੇ ਅਜਿਹਾ ਨਹੀਂ ਕਰਦੇ ਹਨ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)

198. ਤੁਹਾਡੇ ਪਿਤਾ ਨੇ ਤੁਹਾਨੂੰ ਕਿਹਾ ਕਿ ਤੁਸੀਂ ਆਪਣੇ ਗੁਆਂਢੀ ਕੋਲ ਜਾ ਕੇ ਉਸ ਗੱਲ ਲਈ ਮਾਫ਼ੀ ਮੰਗੋ ਜਿਸ ਗੱਲ ਕਰਕੇ ਤੁਸੀਂ ਉਹਨਾਂ ਨੂੰ ਤੰਗ ਕੀਤਾ ਸੀ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

199. ਤੁਸੀਂ ਸੋਚਦੇ ਹੋ ਕਿ ਤੁਹਾਨੂੰ ਬਿਹਤਰ ਨੰਬਰ ਨਹੀਂ ਮਿਲ ਸਕਦੇ, ਪਰ ਤੁਹਾਡੀ ਮਾਤਾ ਤੁਹਾਨੂੰ ਅਰਦਾਸ ਕਰਨ ਲਈ ਅਤੇ ਪ੍ਰਮਾਤਮਾ ਤੋਂ ਬੁੱਧੀ ਮੰਗਣ ਲਈ ਕਹਿੰਦੀ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)

200. ਜਿਸ ਫਿਲਮ ਦੀ ਤੁਹਾਨੂੰ ਉਡੀਕ ਸੀ ਉਹ ਟੀਵੀ 'ਤੇ ਆਉਣ ਵਾਲੀ ਹੈ, ਪਰ ਉਹ ਉਸੀ ਸਮੇਂ ਆਏਗੀ ਜਦੋਂ ਤੁਹਾਡੀ ਬਾਈਬਲ ਦੀ ਕਲਾਸ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਧੀਰਜ)

201. ਮੈਗਜ਼ੀਨ ਸਟੈਂਡ 'ਤੇ ਤੁਹਾਨੂੰ ਇੱਕ ਮੈਗਜ਼ੀਨ ਦਿਖਾਈ ਦਿੰਦੀ ਹੈ ਜੋ ਤੁਸੀਂ ਚਾਹੁੰਦੇ ਹੋ, ਪਰ ਉਸਨੂੰ ਖ਼ਰੀਦਣ ਲਈ ਤੁਹਾਡੇ ਕੋਲ ਪੈਸੇ ਨਹੀਂ ਹਨ। ਤੁਸੀਂ ਮੈਗਜ਼ੀਨ ਚੋਰੀ ਕਰਨ ਦਾ ਸੋਚਦੇ ਹੋ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਇਮਾਨਦਾਰੀ)

202. ਤੁਹਾਡੀ ਭੈਣ ਰੋਂਦੀ ਅਤੇ ਮਦਦ ਮੰਗਦੀ ਹੋਈ ਤੁਹਾਡੇ ਕੋਲ ਆਉਂਦੀ ਹੈ ਕਿਉਂਕਿ ਉਸਦੇ ਪਾਲਤੂ ਜਾਨਵਰ ਨੂੰ ਸੱਟ ਲੱਗ ਗਈ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਦਿਲ)

203. ਤੁਹਾਡੇ ਮਾਤਾ ਪਿਤਾ ਨੇ ਤੁਹਾਨੂੰ ਅਜਨਬੀਆਂ ਨਾਲ ਗੱਲ ਕਰਨ ਤੋਂ ਮਨ੍ਹਾ ਕੀਤਾ ਹੈ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਆਗਿਆਕਾਰ)

204. ਤੁਹਾਡੇ ਭਰਾ ਨੇ ਗੱਡੀ ਬਹੁਤ ਗੰਦੀ ਕਰ ਦਿੱਤੀ, ਪਰ ਤੁਹਾਡੇ ਪਿਤਾ ਜੀ ਨੇ ਤੁਹਾਨੂੰ ਉਸਨੂੰ ਮਾਫ਼ ਕਰਨ ਲਈ ਕਿਹਾ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਨਿਮਰਤਾ)

205. ਬਾਈਬਲ ਕਹਿੰਦੀ ਹੈ ਕਿ ਪ੍ਰਮਾਤਮਾ ਤੁਹਾਡੇ ਨਾਲ ਹੈ ਅਤੇ ਹਮੇਸ਼ਾ ਤੁਹਾਡੀ ਮਦਦ ਕਰਨਗੇ। ਕਿਹੜਾ ਹੀਰੋ ਤੁਹਾਡੀ ਮਦਦ ਕਰੇਗਾ? (ਵਿਸ਼ਵਾਸ)